ਮਾਤਾ ਗੁਜਰੀ ਕਾਲਜ ਦੇ ਖੇਤੀਬਾੜੀ ਵਿਭਾਗ ਵੱਲੋਂ 'ਹਰਬਲ ਤੇ ਈਕੋ-ਫ੍ਰੈਂਡਲੀ ਦੀਵਾਲੀ' ਵਿਸ਼ੇ ਸਬੰਧੀ ਮੁਕਾਬਲਿਆਂ ਦਾ ਆਯੋਜਨ



ਫ਼ਤਹਿਗੜ੍ਹ ਸਾਹਿਬ, 4 ਨਵੰਬਰ (ਹਰਪ੍ਰੀਤ ਕੌਰ ਟਿਵਾਣਾ): ਮਾਤਾ ਗੁਜਰੀ ਕਾਲਜ ਦੇ ਖੇਤੀਬਾੜੀ ਵਿਭਾਗ ਵੱਲੋਂ 'ਹਰਬਲ ਅਤੇ ਈਕੋ-ਫ੍ਰੈਂਡਲੀ ਦੀਵਾਲੀ' ਵਿਸ਼ੇ 'ਤੇ ਵੱਖ-ਵੱਖ ਮੁਕਾਬਲੇ ਕਰਵਾਏ ਗਏ। ਇਨ੍ਹਾਂ ਮੁਕਾਬਲਿਆਂ ਦਾ ਮੁੱਖ ਉਦੇਸ਼ ਵਿਦਿਆਰਥੀਆਂ ਵਿੱਚ ਵਾਤਾਵਰਣ ਪ੍ਰਤੀ ਜਾਗਰੂਕਤਾ ਪੈਦਾ ਕਰਨ ਦੇ ਨਾਲ-ਨਾਲ ਉਨ੍ਹਾਂ ਦੀ ਰਚਨਾਤਮਕਤਾ ਨੂੰ ਉਤਸ਼ਾਹਿਤ ਕਰਨਾ ਅਤੇ ਪਟਾਕਿਆਂ ਦੀ ਵਰਤੋਂ ਤੋਂ ਬਿਨਾਂ ਵਾਤਾਵਰਣ-ਅਨੁਕੂਲ ਢੰਗ ਨਾਲ ਦੀਵਾਲੀ ਮਨਾਉਣ ਲਈ ਪ੍ਰੇਰਿਤ ਕਰਨਾ ਸੀ। ਇਸ ਮੌਕੇ ਪੋਸਟਰ ਮੇਕਿੰਗ, ਰੰਗੋਲੀ, ਬੈਸਟ ਆਊਟ ਆਫ਼ ਵੇਸਟ ਅਤੇ ਭਾਸ਼ਣ ਮੁਕਾਬਲੇ ਕਰਵਾਏ ਗਏ, ਜਿਨ੍ਹਾਂ ਵਿੱਚ ਵਿਦਿਆਰਥੀਆਂ ਨੇ ਪੂਰੇ ਉਤਸ਼ਾਹ ਅਤੇ ਜੋਸ਼ ਨਾਲ ਭਾਗ ਲੈਂਦਿਆਂ ਆਪਣੀ ਕਲਾ, ਸਿਰਜਣਾਤਮਕਤਾ ਅਤੇ ਪ੍ਰਤਿਭਾ ਦਾ ਪ੍ਰਦਰਸ਼ਨ ਕੀਤਾ। ਇਨ੍ਹਾਂ ਗਤੀਵਿਧੀਆਂ ਰਾਹੀਂ ਵਿਦਿਆਰਥੀਆਂ ਨੇ ਵਾਤਾਵਰਣ ਦੀ ਸੰਭਾਲ ਅਤੇ ਸਾਫ਼-ਸੁਥਰੇ ਤੇ ਸੁਰੱਖਿਅਤ ਤਿਉਹਾਰਾਂ ਦੀ ਮਹੱਤਤਾ ਦਾ ਸੁਨੇਹਾ ਦਿੱਤਾ।

ਕਾਲਜ ਦੇ ਪ੍ਰਿੰਸੀਪਲ ਡਾ.ਬਿਕਰਮਜੀਤ ਸਿੰਘ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਨੌਜਵਾਨ ਪੀੜ੍ਹੀ ਵਿੱਚ ਵਾਤਾਵਰਣ ਦੀ ਸੰਭਾਲ ਪ੍ਰਤੀ ਜਾਗਰੂਕਤਾ ਪੈਦਾ ਕਰਨ ਦੀ ਲੋੜ ਅਤੇ ਮਹੱਤਤਾ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਵਾਤਾਵਰਣ ਦੀ ਸੁਰੱਖਿਆ ਪ੍ਰਤੀ ਜਾਗਰੂਕਤਾ ਪੈਦਾ ਕਰਨਾ ਸਮੇਂ ਦੀ ਅਹਿਮ ਲੋੜ ਹੈ ਅਤੇ ਇਸ ਦਿਸ਼ਾ ਵਿੱਚ ਨੌਜਵਾਨਾਂ ਦੀ ਭੂਮਿਕਾ ਬੇਹੱਦ ਮਹੱਤਵਪੂਰਨ ਹੈ। ਖੇਤੀਬਾੜੀ ਵਿਭਾਗ ਦੇ ਮੁਖੀ ਡਾ. ਸੰਤੋਸ਼ ਕੁਮਾਰ ਨੇ ਵਿਦਿਆਰਥੀਆਂ ਦੇ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅਜਿਹੀਆਂ ਗਤੀਵਿਧੀਆਂ ਵਿਦਿਆਰਥੀਆਂ ਨੂੰ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕਰਨ ਦੇ ਮੌਕੇ ਪ੍ਰਦਾਨ ਕਰਨ ਦੇ ਨਾਲ-ਨਾਲ ਉਨ੍ਹਾਂ ਵਿੱਚ ਵਾਤਾਵਰਣ ਪ੍ਰਤੀ ਸੰਵੇਦਨਸ਼ੀਲਤਾ, ਜਾਗਰੂਕਤਾ ਅਤੇ ਸਮਾਜਿਕ ਜ਼ਿੰਮੇਵਾਰੀ ਦੀ ਭਾਵਨਾ ਵੀ ਵਿਕਸਿਤ ਕਰਦੀਆਂ ਹਨ।

ਡਾ. ਵਾਈ ਅਤੇ ਡਾ. ਗੋਪਾਲ ਮਣੀ ਦੀ ਦੇਖ-ਰੇਖ ਹੇਠ ਕਰਵਾਏ ਗਏ ਪੋਸਟਰ ਮੇਕਿੰਗ ਮੁਕਾਬਲੇ ਵਿੱਚ ਅਰਪਿਤ ਢਾਂਡਾ ਨੇ ਪਹਿਲਾ, ਸਹਿਜਵੀਰ ਨੇ ਦੂਜਾ ਅਤੇ ਬਬਲਜੀਤ ਸਿੰਘ ਨੇ ਤੀਜਾ ਸਥਾਨ ਹਾਸਲ ਕੀਤਾ। ਡਾ. ਸੁਮਨ ਦੀ ਦੇਖ-ਰੇਖ ਹੇਠ ਕਰਵਾਏ ਰੰਗੋਲੀ ਮੁਕਾਬਲੇ ਵਿੱਚ ਅਰਸ਼ਪ੍ਰੀਤ ਕੌਰ ਅਤੇ ਹੁਸਨਪ੍ਰੀਤ ਕੌਰ ਨੇ ਪਹਿਲਾ, ਹਰਜੋਤ ਸਿੰਘ ਅਤੇ ਰਾਜਵੀਰ ਕੌਰ ਨੇ ਦੂਜਾ, ਜਦਕਿ ਹਰਮਨਜੋਤ ਕੌਰ ਅਤੇ ਮੁਸਕਾਨ ਨੇ ਤੀਜਾ ਸਥਾਨ ਪ੍ਰਾਪਤ ਕੀਤਾ ਅਤੇ ਜੋਬਨਪ੍ਰੀਤ ਸਿੰਘ ਤੇ ਪਵਿੰਦਰ ਸਿੰਘ ਨੇ ਕੰਸੋਲੇਸ਼ਨ ਇਨਾਮ ਪ੍ਰਾਪਤ ਕੀਤਾ। ਡਾ. ਜੁਝਾਰ ਸਿੰਘ ਦੀ ਦੇਖ-ਰੇਖ ਹੇਠ ਹੋਏ ਬੈਸਟ ਆਊਟ ਆਫ਼ ਵੇਸਟ ਮੁਕਾਬਲੇ ਵਿੱਚ ਹਰਮਨਜੋਤ ਕੌਰ ਨੇ ਪਹਿਲਾ, ਮੁਸਕਾਨ ਨੇ ਦੂਜਾ ਅਤੇ ਅਵਨੀਤ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਡਾ. ਰਜਨੀਸ਼ ਠਾਕੁਰ ਦੀ ਦੇਖ-ਰੇਖ ਹੇਠ ਕਰਵਾਏ ਗਏ ਭਾਸ਼ਣ ਮੁਕਾਬਲੇ ਵਿੱਚ ਕਿਰਨਦੀਪ ਕੌਰ ਨੇ ਪਹਿਲਾ, ਤਨਿਸ਼ਾ ਸ਼ਰਮਾ ਨੇ ਦੂਜਾ ਅਤੇ ਅਵਨੀਤ ਕੌਰ ਨੇ ਤੀਜਾ ਸਥਾਨ ਹਾਸਲ ਕੀਤਾ।

ਇਨ੍ਹਾਂ ਮੁਕਾਬਲਿਆਂ ਦੌਰਾਨ ਜੱਜ ਸਾਹਿਬਾਨ ਦੀ ਭੂਮਿਕਾ ਡਾ. ਲਵਨੀਤ ਕੌਰ, ਡਾ. ਪੂਨਮ ਚਾਵਲਾ, ਡਾ. ਨੀਤੂ ਤ੍ਰੇਹਨ, ਡਾ. ਹਰਮਨਜੋਤ ਕੌਰ ਅਤੇ ਡਾ. ਅਜੈ ਸਿੰਘ ਵੱਲੋਂ ਨਿਭਾਈ ਗਈ, ਜਿਨ੍ਹਾਂ ਨੇ ਵਿਦਿਆਰਥੀਆਂ ਨੂੰ ਆਤਮ-ਵਿਸ਼ਵਾਸ, ਰਚਨਾਤਮਕਤਾ ਅਤੇ ਉਤਸ਼ਾਹ ਨਾਲ ਅਜਿਹੀਆਂ ਸਹਿ-ਪਾਠਕ੍ਰਮ ਗਤੀਵਿਧੀਆਂ ਵਿੱਚ ਲਗਾਤਾਰ ਹਿੱਸਾ ਲੈਂਦੇ ਰਹਿਣ ਲਈ ਪ੍ਰੇਰਿਤ ਕੀਤਾ। ਇਸ ਸਮਾਗਮ ਦੇ ਕਨਵੀਨਰ ਡਾ. ਸੰਦੀਪ ਕੁਮਾਰ ਸਿੰਘ ਨੇ ਸਮੂਹ ਕੋਆਰਡੀਨੇਟਰਾਂ ਅਤੇ ਭਾਗੀਦਾਰਾਂ ਦੇ ਯਤਨਾਂ ਦੀ ਸ਼ਲਾਘਾ ਕੀਤੀ ਅਤੇ ਵਿਦਿਆਰਥੀਆਂ ਨੂੰ ਆਪਣੇ ਰੋਜ਼ਾਨਾ ਜੀਵਨ ਵਿੱਚ ਇਨ੍ਹਾਂ ਸਿੱਖਿਆਵਾਂ ਨੂੰ ਅਪਣਾਉਣ ਲਈ ਪ੍ਰੇਰਿਤ ਕੀਤਾ।

70ਵੀਆਂ ਪੰਜਾਬ ਰਾਜ ਅੰਤਰ-ਜ਼ਿਲ੍ਹਾ ਸਕੂਲ ਖੇਡਾਂ ਤਹਿਤ ਲੜਕੀਆਂ ਦੇ ਅੰਡਰ-19 ਬਾਕਸਿੰਗ ਮੁਕਾਬਲੇ ਫ਼ਿਰੋਜ਼ਪੁਰ ਵਿਖੇ ਸ਼ਾਨੋ-ਸ਼ੌਕਤ ਨਾਲ ਸ਼ੁਰੂ



ਫ਼ਿਰੋਜ਼ਪੁਰ 4 ਨਵੰਬਰ (ਤਿਵਾੜੀ): ਸਕੂਲ ਸਿੱਖਿਆ ਵਿਭਾਗ ਪੰਜਾਬ ਵੱਲੋਂ ਕਰਵਾਈਆਂ ਜਾ ਰਹੀਆਂ 70ਵੀਆਂ ਪੰਜਾਬ ਰਾਜ ਅੰਤਰ-ਜ਼ਿਲ੍ਹਾ ਸਕੂਲ ਖੇਡਾਂ (2026-27) ਤਹਿਤ ਲੜਕੀਆਂ ਦੇ ਅੰਡਰ-19 ਵਰਗ ਦੇ ਰਾਜ ਪੱਧਰੀ ਬਾਕਸਿੰਗ ਮੁਕਾਬਲੇ ਫ਼ਿਰੋਜ਼ਪੁਰ ਦੇ ਕੰਟੋਨਮੈਂਟ ਬੋਰਡ ਸਟੇਡੀਅਮ, ਜੀ.ਟੀ. ਰੋਡ ਵਿਖੇ ਸ਼ਾਨੋ-ਸ਼ੌਕਤ ਨਾਲ ਕਰਵਾਏ ਜਾ ਰਹੇ ਹਨ। ਇਹ ਮੁਕਾਬਲੇ 3 ਨਵੰਬਰ ਤੋਂ 6 ਨਵੰਬਰ 2026 ਤੱਕ ਚੱਲਣਗੇ, ਜਿਨ੍ਹਾਂ ਵਿੱਚ ਪੰਜਾਬ ਦੇ ਸਾਰੇ ਜ਼ਿਲ੍ਹਿਆਂ ਤੋਂ ਆਈਆਂ ਖਿਡਾਰਨਾਂ ਵੱਲੋਂ ਪੂਰੇ ਉਤਸ਼ਾਹ, ਖੇਡ ਭਾਵਨਾ ਅਤੇ ਅਨੁਸ਼ਾਸਨ ਨਾਲ ਭਾਗ ਲਿਆ ਜਾ ਰਿਹਾ ਹੈ। ਇਹ ਖੇਡ ਮੁਕਾਬਲੇ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਅਤੇ ਸਿੱਖਿਆ ਮੰਤਰੀ ਪੰਜਾਬ ਹਰਜੋਤ ਸਿੰਘ ਬੈਂਸ ਦੀ ਅਗਵਾਈ ਅਤੇ ਖੇਡਾਂ ਨੂੰ ਉਤਸ਼ਾਹਿਤ ਕਰਨ ਦੀ ਨੀਤੀ ਤਹਿਤ ਕਰਵਾਏ ਜਾ ਰਹੇ ਹਨ। ਜ਼ਿਲ੍ਹਾ ਫ਼ਿਰੋਜ਼ਪੁਰ ਵਿੱਚ ਇਹ ਸਮੁੱਚੇ ਖੇਡ ਮੁਕਾਬਲੇ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਕੰਡਰੀ ਸਿੱਖਿਆ) ਮੁਨੀਲਾ ਅਰੋੜਾ ਅਤੇ ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਕੰਡਰੀ ਸਿੱਖਿਆ) ਡਾ. ਸਤਿੰਦਰ ਸਿੰਘ ਨੈਸ਼ਨਲ ਅਵਾਰਡੀ ਦੀ ਅਗਵਾਈ ਅਤੇ ਦਿਸ਼ਾ-ਨਿਰਦੇਸ਼ਾਂ ਹੇਠ ਕਰਵਾਏ ਜਾ ਰਹੇ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਡੀ.ਐੱਮ. ਸਪੋਰਟਸ ਅਕਸ਼ ਕੁਮਾਰ ਅਤੇ ਲੈਕਚਰਾਰ ਦਲਬੀਰ ਸਿੰਘ ਨੀਟੂ ਨੇ ਦੱਸਿਆ ਕਿ ਇਨ੍ਹਾਂ ਮੁਕਾਬਲਿਆਂ ਦਾ ਮੁੱਖ ਉਦੇਸ਼ ਵਿਦਿਆਰਥਣਾਂ ਅੰਦਰ ਖੇਡ ਪ੍ਰਤਿਭਾ ਨੂੰ ਨਿਖਾਰਨਾ, ਆਤਮ-ਵਿਸ਼ਵਾਸ ਪੈਦਾ ਕਰਨਾ ਤੇ ਰਾਸ਼ਟਰੀ ਤੇ ਅੰਤਰਰਾਸ਼ਟਰੀ ਪੱਧਰ ਦੇ ਖੇਡ ਮੁਕਾਬਲਿਆਂ ਲਈ ਤਿਆਰ ਕਰਨਾ ਹੈ। ਉਨ੍ਹਾਂ ਕਿਹਾ ਕਿ ਬਾਕਸਿੰਗ ਵਰਗੀ ਚੁਣੌਤੀਪੂਰਨ ਖੇਡ ਲੜਕੀਆਂ ਵਿੱਚ ਹਿੰਮਤ, ਸਵੈ-ਰੱਖਿਆ, ਸਰੀਰਕ ਤੰਦਰੁਸਤੀ, ਮਾਨਸਿਕ ਮਜ਼ਬੂਤੀ ਤੇ ਅਨੁਸ਼ਾਸਨ ਦੀ ਭਾਵਨਾ ਪੈਦਾ ਕਰਦੀ ਹੈ।

ਉਨ੍ਹਾਂ ਦੱਸਿਆ ਕਿ ਮੁਕਾਬਲਿਆਂ ਦੌਰਾਨ ਖਿਡਾਰਨਾਂ ਨੂੰ ਸੁਚੱਜੀਆਂ ਖੇਡ ਸਹੂਲਤਾਂ ਮੁਹੱਈਆ ਕਰਵਾਉਣ, ਖੇਡ ਨਿਯਮਾਂ ਦੀ ਪਾਲਣਾ ਯਕੀਨੀ ਬਣਾਉਣ ਅਤੇ ਨਿਰਪੱਖ ਖੇਡ ਭਾਵਨਾ ਨਾਲ ਮੁਕਾਬਲੇ ਕਰਵਾਉਣ ਲਈ ਵਿਭਾਗ ਵੱਲੋਂ ਲੋੜੀਂਦੇ ਪ੍ਰਬੰਧ ਕੀਤੇ ਗਏ ਹਨ। ਵੱਖ-ਵੱਖ ਜ਼ਿਲ੍ਹਿਆਂ ਤੋਂ ਪਹੁੰਚੀਆਂ ਖਿਡਾਰਨਾਂ ਵੱਲੋਂ ਆਪਣੀ ਖੇਡ ਕਲਾ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ ਜਾ ਰਿਹਾ ਹੈ। ਲੈਕਚਰਾਰ ਰਾਜੇਸ਼ ਕੁਮਾਰ ਅਬਜਰਵਰ ਬਰਨਾਲਾ ਨੇ ਕਿਹਾ ਕਿ ਅਜਿਹੇ ਰਾਜ ਪੱਧਰੀ ਖੇਡ ਮੁਕਾਬਲੇ ਵਿਦਿਆਰਥੀਆਂ ਨੂੰ ਆਪਣੀ ਪ੍ਰਤਿਭਾ ਦਿਖਾਉਣ ਲਈ ਵਧੀਆ ਮੰਚ ਪ੍ਰਦਾਨ ਕਰਦੇ ਹਨ ਅਤੇ ਪੰਜਾਬ ਵਿੱਚ ਖੇਡ ਸੱਭਿਆਚਾਰ ਨੂੰ ਹੋਰ ਮਜ਼ਬੂਤ ਬਣਾਉਣ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ। ਇਸ ਮੌਕੇ ਪ੍ਰਿਤਪਾਲ ਸਿੰਘ ਸੁਨਾਮ, ਰਾਜੇਸ਼ ਕੁਮਾਰ ਬਠਿੰਡਾ, ਅਮਨਿੰਦਰ ਸਿੰਘ ਸੰਗਰੂਰ,ਮੈਡਮ ਲਕਸ਼ਮੀ ਜ਼ੀਰਾ, ਰੁਪਿੰਦਰ ਸਿੰਘ ਸੁਨਾਮ, ਨੰਦਨ ਕੁਮਾਰ ਫਤਿਹਗੜ੍ਹ ਸਾਹਿਬ, ਸਰਬਜੀਤ ਸਿੰਘ ਭਾਵੜਾ, ਵਰਿੰਦਰਪਾਲ ਸਿੰਘ ਖਾਲਸਾ, ਸ਼ਿਵ ਕੁਮਾਰ ਫਤਿਹਗੜ੍ਹ ਸਾਹਿਬ, ਸੰਧਿਆ ਰਾਣਾ ਲੁਧਿਆਣਾ, ਅਮਨਦੀਪ ਸਿੰਘ ਬਠਿੰਡਾ, ਜਸਵੀਰ ਕੌਰ ਲੈਕਚਰਾਰ, ਨਵਿੰਦਰ ਕੁਮਾਰ ਡੀਪੀਈ, ਮਨਪ੍ਰੀਤ ਕੌਰ,, ਮਿਸ ਕਾਜਲ, ਮੈਡਮ ਸ਼ਾਲੂ, ਜਸਪਾਲ ਸਿੰਘ, ਜਰਮਨਜੀਤ ਸਿੰਘ, ਜਸਪ੍ਰੀਤ ਸਿੰਘ, ਸੁਖਚੈਨ ਸਿੰਘ ਆਦਿ ਹਾਜ਼ਰ ਸਨ।

ਸਖੀ ਸ਼ਕਤੀ ਮੀਟਿੰਗ ਵਿੱਚ ਮਹਿਲਾਵਾਂ ਦਾ ਉਮੜਿਆ ਉਤਸ਼ਾਹ

ਲੁਧਿਆਣਾ, 4 ਨਵੰਬਰ (ਵਿਸ਼ਾਲ ਸ਼ਰਮਾ): ਆਮ ਆਦਮੀ ਪਾਰਟੀ ਵੱਲੋਂ ਕਰਵਾਈ ਗਈ ਸਖੀ ਸ਼ਕਤੀ ਮੀਟਿੰਗ ਵਿੱਚ ਮਹਿਲਾਵਾਂ ਦੇ ਸਨਮਾਨ ਅਤੇ ਸਸ਼ਕਤੀਕਰਨ ਦਾ ਸੰਦੇਸ਼ ਦਿੱਤਾ ਗਿਆ।



ਇਸ ਮੌਕੇ ਪੰਜਾਬ ਦੇ ਕੈਬਨਿਟ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਆਪਣੇ ਪਰਿਵਾਰ ਸਮੇਤ ਸਖੀਆਂ ਵਿਚਕਾਰ ਪਹੁੰਚੇ ਅਤੇ ਉਨ੍ਹਾਂ ਨਾਲ ਬੈਠ ਕੇ ਸਿੱਧਾ ਸੰਵਾਦ ਕੀਤਾ। ਉਨ੍ਹਾਂ ਨੇ ਮਹਿਲਾਵਾਂ ਦੇ ਵਿਚਾਰਾਂ, ਸੁਝਾਵਾਂ ਅਤੇ ਤਜਰਬਿਆਂ ਨੂੰ ਧਿਆਨ ਨਾਲ ਸੁਣਿਆ। ਇਸ ਮੌਕੇ ਮੰਤਰੀ ਸੌਂਦ ਦੇ ਪਿਤਾ ਭੁਪਿੰਦਰ ਸਿੰਘ ਸੌਂਦ, ਧਰਮਪਤਨੀ ਕਮਲਜੀਤ ਕੌਰ ਸੌਂਦ, ਭਰਾ ਰਮਨਜੀਤ ਸਿੰਘ ਸੌਂਦ ਅਤੇ ਭਰਜਾਈ ਅਜੀਤ ਕੌਰ ਸੌਂਦ ਵੀ ਮੌਜੂਦ ਰਹੇ।

ਸਖੀਆਂ ਨੇ ਕਿਹਾ ਕਿ ਆਮ ਆਦਮੀ ਪਾਰਟੀ ਵਿੱਚ ਮਹਿਲਾਵਾਂ ਨੂੰ ਮਾਣ-ਸਨਮਾਨ ਅਤੇ ਅਹਿਮੀਅਤ ਦਿੱਤੀ ਜਾ ਰਹੀ ਹੈ। ਮੰਤਰੀ ਅਤੇ ਉਨ੍ਹਾਂ ਦੇ ਪਰਿਵਾਰ ਵੱਲੋਂ ਉਨ੍ਹਾਂ ਵਿਚਕਾਰ ਬੈਠ ਕੇ ਗੱਲਾਂ ਸੁਣਨਾ ਉਨ੍ਹਾਂ ਲਈ ਮਾਣ ਵਾਲੀ ਗੱਲ ਹੈ। ਸਖੀਆਂ ਨੇ ਮੰਤਰੀ ਸੌਂਦ ਸਾਹਮਣੇ ਪਾਰਟੀ ਨਾਲ ਮਜ਼ਬੂਤੀ ਨਾਲ ਖੜ੍ਹੇ ਰਹਿਣ ਅਤੇ ਸਰਕਾਰ ਦੀਆਂ ਲੋਕ ਭਲਾਈ ਨੀਤੀਆਂ ਘਰ-ਘਰ ਪਹੁੰਚਾਉਣ ਦਾ ਸੰਕਲਪ ਪ੍ਰਗਟਾਇਆ। ਮੰਤਰੀ ਸੌਂਦ ਨੇ ਕਿਹਾ ਕਿ ਮਹਿਲਾਵਾਂ ਸਮਾਜ ਅਤੇ ਵਿਕਾਸ ਦੀ ਪ੍ਰਕਿਰਿਆ ਵਿੱਚ ਅਹਿਮ ਭੂਮਿਕਾ ਨਿਭਾਉਂਦੀਆਂ ਹਨ। ਉਨ੍ਹਾਂ ਨਾਲ ਲਗਾਤਾਰ ਸੰਵਾਦ ਬਣਾਈ ਰੱਖਣਾ ਜ਼ਰੂਰੀ ਹੈ। ਮੀਟਿੰਗ ਵਿੱਚ ਪਾਰਟੀ ਦੀ ਸੀਨੀਅਰ ਲੀਡਰਸ਼ਿਪ ਅਤੇ ਵਰਕਰ ਵੀ ਮੌਜੂਦ ਸਨ।

ਸਰਕਾਰੀ ਮਿਡਲ ਸਕੂਲ ਵਿਖੇ ਭਾਰਤੀ ਫੌਜ ਤੇ ਪਿੰਡ ਵਾਸੀਆਂ ਦੀ ਲੋਕ ਮਿਲਣੀ



ਭਿੱਖੀਵਿੰਡ/ਖਾਲੜਾ, 4 ਨਵੰਬਰ (ਨੀਟੂ ਅਰੋੜਾ): ਸਰਕਾਰੀ ਮਿਡਲ ਸਕੂਲ ਸਿੱਧਵਾਂ ਵਿਖੇ ਭਾਰਤੀ ਫੌਜ ਤੇ ਪਿੰਡ ਵਾਸੀਆਂ ਦਰਮਿਆਨ ਲੋਕ ਮਿਲਣੀ ਕਰਵਾਈ ਗਈ। ਇਸ ਮੌਕੇ ਭਾਰਤੀ ਫੌਜ ਰਾਜਪੂਤ 4 ਵੱਲੋਂ ਕਰਨਲ ਸਾਹਿਲ ਸ਼ਰਮਾ ਤੇ ਪਿੰਡ ਦੇ ਸਰਪੰਚ ਯੋਧਬੀਰ ਸਿੰਘ ਕਾਸ਼ੀਆ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਸਰਪੰਚ ਯੋਧਬੀਰ ਸਿੰਘ ਕਾਸ਼ਿਆ ਨੇ ਲੋਕ ਮਿਲਣੀ ਦੌਰਾਨ ਪਿੰਡ ਦੇ ਵਿਕਾਸ, ਨਗਰ ਦੇ ਸੁਧਾਰ ਤੇ ਲੋਕਾਂ ਦੀਆਂ ਸਮੱਸਿਆਵਾਂ ਸਬੰਧੀ ਵਿਚਾਰ-ਵਟਾਂਦਰਾ ਕੀਤਾ ਗਿਆ। ਇਸ ਮੌਕੇ ਪਿੰਡ ਵਾਸੀਆਂ ਨੇ ਆਪਣੇ ਸੁਝਾਅ ਪੇਸ਼ ਕੀਤੇ ਤੇ ਪਿੰਡ ਦੀ ਬਿਹਤਰੀ ਲਈ ਸਾਂਝੇ ਯਤਨ ਕਰਨ 'ਤੇ ਜ਼ੋਰ ਦਿੱਤਾ।

ਕਰਨਲ ਸਾਹਿਲ ਸ਼ਰਮਾ ਤੇ ਸਰਪੰਚ ਯੋਧਬੀਰ ਸਿੰਘ ਕਾਸ਼ੀਆ ਨੇ ਕਿਹਾ ਕਿ ਅਜਿਹੀਆਂ ਲੋਕ ਮਿਲਣੀਆਂ ਆਪਸੀ ਸਾਂਝ ਨੂੰ ਮਜ਼ਬੂਤ ਕਰਨ ਦੇ ਨਾਲ-ਨਾਲ ਪਿੰਡ ਦੇ ਵਿਕਾਸ ਲਈ ਨਵੇਂ ਰਾਹ ਖੋਲ੍ਹਦੀਆਂ ਹਨ। ਉਨ੍ਹਾਂ ਕਿਹਾ ਕਿ ਪਿੰਡ ਦੇ ਸੁਧਾਰ ਅਤੇ ਲੋਕਾਂ ਦੀ ਭਲਾਈ ਲਈ ਸਾਰਿਆਂ ਨੂੰ ਮਿਲ ਕੇ ਯਤਨ ਕਰਨੇ ਚਾਹੀਦੇ ਹਨ। ਇਸ ਮੌਕੇ ਪਿੰਡ ਵਾਸੀਆਂ ਨੇ ਭਾਰਤੀ ਫੌਜ ਦੇ ਅਧਿਕਾਰੀਆਂ ਨਾਲ ਕਰਨਲ ਸਾਹਿਲ ਸ਼ਰਮਾ ਤੇ ਸਕੂਲ ਦੇ ਹੈੱਡ ਮਾਸਟਰ ਸਤਨਾਮ ਸਿੰਘ ਨਾਰਲੀ ਵਿਚਾਰ ਸਾਂਝੇ ਕੀਤੇ ਅਤੇ ਲੋਕ ਮਿਲਣੀ ਨੂੰ ਇੱਕ ਚੰਗਾ ਉਪਰਾਲਾ ਦੱਸਿਆ। ਇਸ ਤੋਂ ਇਲਾਵਾ ਪਿੰਡ ਦੇ ਗੁਰਦਵਾਰਾ ਭਾਈ ਜੈਤਾ ਜੀ ਲਈ ਭਾਰਤੀ ਫੌਜ ਦੇ ਅਧਿਕਾਰੀਆਂ ਵਲੋ ਨਕਦ ਰਾਸ਼ੀ ਦਿੱਤੀ ਗਈ ਅਤੇ ਅੰਤ ਵਿੱਚ ਸਕੂਲ ਦੇ ਵਿਦਿਆਰਥੀਆਂ ਤੇ ਭਾਰਤੀ ਫੌਜ਼ ਦੇ ਅਧਿਕਾਰੀਆ ਲਈ ਖਾਣੇ ਦਾ ਇੰਤਜਾਮ ਕੀਤਾ ਗਿਆ। ਇਸ ਮੌਕੇ ਨਗਰ ਨਿਵਾਸੀਆ ਤੇ ਪਿੰਡ ਦੇ ਸਰਪੰਚ ਵਲੋ ਫੌਜ਼ ਦੇ ਅਧਿਕਾਰੀਆ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਦਿਲਬਾਗ਼ ਸਿੰਘ, ਬਾਬਾ ਗੁਰਦੇਵ ਸਿੰਘ, ਗੁਰਸਾਬ ਸਿੰਘ ਸਾਬਕਾ ਫੋਜ਼ੀ, ਮਾਸਟਰ ਮੁਕੇਸ਼ ਕੁਮਾਰ, ਰਾਜ਼ ਸਿੰਘ ਸਮੇਤ ਹੋਰਨਾਂ ਨੇ ਭਾਗ ਲਿਆ।

ਸੰਤ ਬਾਬਾ ਹਰਨਾਮ ਸਿੰਘ ਦੀ 37ਵੀਂ ਬਰਸੀ ਦੀਆਂ ਤਿਆਰੀਆਂ ਜ਼ੋਰਾਂ 'ਤੇ

ਫਾਜ਼ਿਲਕਾ, 4 ਨਵੰਬਰ (ਬਖਸ਼ੀਸ਼ ਸਿੰਘ/ਜਸਪ੍ਰੀਤ ਸਿੰਘ): ਗੁਰਦੁਆਰਾ ਡੇਰਾ ਹਰਨਾਮੁਸਰ ਜ਼ੀਰਾ ਵਿਖੇ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਸੰਤ ਬਾਬਾ ਹਰਨਾਮ ਸਿੰਘ ਦੀ 37ਵੀਂ ਬਰਸੀ ਸ਼ਰਧਾ ਤੇ ਧੂਮਧਾਮ ਨਾਲ ਮਨਾਈ ਜਾਵੇਗੀ। ਡੇਰੇ ਦੇ ਮੁਖੀ ਸੰਤ ਬਾਬਾ ਹਰੀ ਸਿੰਘ ਨੇ ਦੱਸਿਆ ਕਿ ਸੰਗਤਾਂ ਦੇ ਸਹਿਯੋਗ ਨਾਲ ਸਮਾਗਮ ਲਈ ਵੱਡੇ ਪੱਧਰ 'ਤੇ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਦੱਸਿਆ ਕਿ ਬਰਸੀ ਸਬੰਧੀ ਧਾਰਮਿਕ ਸਮਾਗਮ 5 ਨਵੰਬਰ ਤੋਂ 13 ਨਵੰਬਰ (ਸ਼ੁੱਕਰਵਾਰ) ਤੱਕ ਕਰਵਾਏ ਜਾ ਰਹੇ ਹਨ। ਇਨ੍ਹਾਂ 'ਚ ਤਖ਼ਤ ਸਾਹਿਬਾਨ ਦੇ ਜਥੇਦਾਰ, ਸੰਤ ਮਹਾਂਪੁਰਸ਼, ਰਾਗੀ, ਢਾਡੀ ਤੇ ਕਥਾਵਾਚਕ ਪਹੁੰਚ ਕੇ ਗੁਰਬਾਣੀ ਕੀਰਤਨ, ਕਥਾ ਤੇ ਗੁਰਮਤਿ ਵਿਚਾਰਾਂ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ। ਪ੍ਰੋਗਰਾਮ ਅਨੁਸਾਰ 5 ਨਵੰਬਰ, ਵੀਰਵਾਰ ਨੂੰ ਸਵੇਰੇ 9 ਵਜੇ ਅਖੰਡ ਪਾਠ ਦੀ ਲੜੀ ਆਰੰਭ ਹੋਵੇਗੀ। ਇਸੇ ਦਿਨ ਤੋਂ 12 ਨਵੰਬਰ, ਵੀਰਵਾਰ ਤੱਕ ਰੋਜ਼ਾਨਾ ਸ਼ਾਮ 6 ਵਜੇ ਤੋਂ ਰਾਤ 11 ਵਜੇ ਤੱਕ ਦੀਵਾਨ ਸਜਾਏ ਜਾਣਗੇ। ਸਮਾਗਮ ਦੌਰਾਨ 10 ਨਵੰਬਰ ਨੂੰ ਦੀਪ ਬਲੱਡ ਬੈਂਕ ਫਰੀਦਕੋਟ ਵੱਲੋਂ ਖੂਨਦਾਨ ਕੈਂਪ ਲਗਾਇਆ ਜਾਵੇਗਾ। ਇਸ ਦੇ ਨਾਲ ਹੀ ਦਿਲ ਦੇ ਰੋਗਾਂ, ਅੱਖਾਂ, ਨੱਕ, ਕੰਨ, ਗਲੇ ਤੇ ਜਨਰਲ ਬਿਮਾਰੀਆਂ ਦਾ ਮੁਫ਼ਤ ਮੈਡੀਕਲ ਕੈਂਪ ਵੀ ਲੱਗੇਗਾ, ਜੋ 11 ਨਵੰਬਰ ਤੱਕ ਜਾਰੀ ਰਹੇਗਾ। ਸੰਤ ਬਾਬਾ ਹਰੀ ਸਿੰਘ



ਅਤੇ ਬਾਬਾ ਗੁਰਮੁਖ ਸਿੰਘ ਨੇ ਹੋਰ ਦੱਸਿਆ ਕਿ 13 ਨਵੰਬਰ, ਸ਼ੁੱਕਰਵਾਰ ਨੂੰ ਅਖੰਡ ਪਾਠ ਦੀ ਲੜੀ ਦੀ ਸਮਾਪਤੀ ਹੋਵੇਗੀ ਤੇ ਦੁਪਹਿਰ ਤੱਕ ਦੀਵਾਨ ਸਜੇਗਾ। ਇਸ ਦੌਰਾਨ ਸੰਤ ਮਹਾਂਪੁਰਸ਼ ਅਤੇ ਰਾਗੀ-ਢਾਡੀ ਜਥੇ ਕਥਾ-ਕੀਰਤਨ ਸਰਵਣ ਕਰਵਾਉਣਗੇ। ਅੰਤ 'ਚ ਸੰਤ ਬਾਬਾ ਹਰੀ ਸਿੰਘ, ਬਾਬਾ ਗੁਰਮੁਖ ਸਿੰਘ ਤੇ ਭਾਈ ਅਪਾਰ ਸਿੰਘ ਨੇ ਸਮੂਹ ਸੰਗਤਾਂ ਨੂੰ ਸਮਾਗਮ ਵਿੱਚ ਹਾਜ਼ਰੀ ਭਰ ਕੇ ਰੌਣਕਾਂ ਵਧਾਉਣ ਦੀ ਅਪੀਲ ਕੀਤੀ।

ਪੋਲਿੰਗ ਸਟੇਸ਼ਨਾਂ ਦੀ ਰੈਸ਼ਨਲਾਈਜੇਸ਼ਨ ਅਨੁਸਾਰ ਜ਼ਿਲ੍ਹੇ ਅੰਦਰ ਪੋਲਿੰਗ ਸਟੇਸ਼ਨਾਂ ਦੀ ਗਿਣਤੀ 932 ਤੋਂ ਵੱਧ ਕੇ 935 ਹੋਈ : ਜ਼ਿਲ੍ਹਾ ਚੋਣ ਅਫ਼ਸਰ



ਫਿਰੋਜ਼ਪੁਰ, 4 ਨਵੰਬਰ (ਤਿਵਾੜੀ): ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਦੀਪਸ਼ਿਖਾ ਸ਼ਰਮਾ ਆਈ.ਏ.ਐਸ. ਨੇ ਦੱਸਿਆ ਕਿ ਭਾਰਤ ਚੋਣ ਕਮਿਸ਼ਨ ਵੱਲੋਂ ਪੋਲਿੰਗ ਸਟੇਸ਼ਨਾਂ ਦੀ ਰੈਸ਼ਨਲਾਈਜੇਸ਼ਨ ਦੀਆਂ ਤਜ਼ਵੀਜ਼ਾਂ ਪ੍ਰਵਾਨਗੀ ਦਿੱਤੀ ਗਈ ਹੈ ਤੇ ਪ੍ਰਵਾਨ ਹੋਈਆ ਤਜ਼ਵੀਜਾਂ ਅਨੁਸਾਰ ਜ਼ਿਲ੍ਹਾ ਫ਼ਿਰੋਜ਼ਪੁਰ ਦੇ ਚੋਣ ਹਲਕਾ 76 ਫ਼ਿਰੋਜ਼ਪੁਰ ਸ਼ਹਿਰੀ ਦੇ ਪੋਲਿੰਗ ਸਟੇਸ਼ਨਾਂ ਦੀ ਗਿਣਤੀ 214 ਤੋਂ ਵੱਧ ਕੇ 217 ਹੋ ਗਈ ਹੈ। ਜਿਸ ਅਨੁਸਾਰ ਜ਼ਿਲ੍ਹੇ ਦੇ ਚਾਰੇ ਵਿਧਾਨ ਸਭਾ ਹਲਕਿਆਂ ਦੇ ਕੁੱਲ ਪੋਲਿੰਗ ਸਟੇਸ਼ਨਾਂ ਦੀ ਗਿਣਤੀ 932 ਤੋਂ ਵੱਧ ਕੇ 935 ਹੋ ਗਈ ਹੈ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਦੇ ਚਾਰ ਵਿਧਾਨ ਸਭਾ ਹਲਕਿਆਂ 75- ਜ਼ੀਰਾ ਦੇ 243, 76 ਫਿਰੋਜ਼ਪੁਰ ਸ਼ਹਿਰੀ ਦੇ 217, 77- ਫਿਰੋਜ਼ਪੁਰ ਦਿਹਾਤੀ ਦੇ 250 ਅਤੇ 78-ਗੁਰੂਹਰਸਹਾਏ ਦੇ 225 ਸਮੇਤ ਕੁੱਲ 935 ਪੋਲਿੰਗ ਸਟੇਸ਼ਨ ਹੋ ਗਏ ਹਨ।

ਪੰਜਾਬ ਨੈਸ਼ਨਲ ਬੈਂਕ

pnb ....ਬਿਹਤਰੀ ਲਈ ਸਾਂਝ

ਸ਼ਾਖਾ ਦਫ਼ਤਰ : ਨਿਹਾਲ ਸਿੰਘ ਵਾਲਾ 032910
ਬਾਘਾ ਪੁਰਾਣਾ ਰੋਡ, ਨਿਹਾਲ ਸਿੰਘ ਵਾਲਾ

ਕਬਜ਼ਾ ਸੂਚਨਾ (ਅਚੱਲ ਸੰਪੱਤੀ (ਆਂ) ਦੇ ਲਈ)

ਜਿਥੇ ਕਿ, ਨਿਮਨ ਹਸਤਾਖਰੀ ਨੇ **ਪੰਜਾਬ ਨੈਸ਼ਨਲ ਬੈਂਕ** ਦੇ **"ਅਧਿਕਾਰਤ ਅਧਿਕਾਰੀ"** ਵਜੋਂ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ **ਕਾਨੂੰਨ**, 2002 ਦੇ ਅਧੀਨ ਅਤੇ ਸੁਰੱਖਿਆ ਵਿਆਜ (ਲਾਗੂਕਰਨ) **ਨਿਯਮਾਂਵਲੀ**, 2002 ਦੇ **ਨਿਯਮ** 3 ਨਾਲ ਪੜ੍ਹੀ ਜਾਣ ਵਾਲੀ ਧਾਰਾ 13 ਅਧੀਨ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਦਰਸਾਈ ਸੂਚਨਾ ਦੀ ਪ੍ਰਾਪਤੀ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਸੂਚਨਾ ਵਿਚ ਦਰਸਾਈ ਰਕਮ ਨੂੰ ਅਦਾ ਕਰਨ ਦੇ ਲਈ ਨਿਮਨਲਿਖਤ **ਕਰਜ਼ਦਾਰ** (ਾਂ)/**ਜ਼ਾਮਨ** (ਾਂ)/**ਗਿਰਵੀਕਾਰ** (ਾਂ) ਨੂੰ ਸੱਦਾ ਦਿੰਦੇ ਹੋਏ ਸਰਫਾਇਸੀ ਐਕਟ 2002 ਦੀ ਧਾਰਾ 13 (2) ਅਧੀਨ **ਮੰਗ ਸੂਚਨਾ** ਜਾਰੀ ਕੀਤੀ ਸੀ।

ਕਰਜ਼ਦਾਰ (ਾਂ)/**ਜ਼ਾਮਨ** (ਾਂ)/**ਗਿਰਵੀਕਾਰ** (ਾਂ)ਰਕਮ ਅਦਾ ਕਰਨ ਵਿਚ ਅਸਫਲ ਰਹੇ ਹਨ, ਇਸ ਲਈ ਇਥੇ ਕਰਜ਼ਦਾਰ (ਾਂ)/ਜ਼ਾਮਨ (ਾਂ) ਨੂੰ ਅਤੇ ਆਮ ਜਨਤਾ ਨੂੰ ਸੂਚਨਾ ਦਿੱਤੀ ਜਾਂਦੀ ਹੈ ਕਿ ਨਿਮਨ ਹਸਤਾਖਰੀ ਨੇ ਸੁਰੱਖਿਆ ਵਿਆਜ ਲਾਗੂਕਰਨ ਨਿਯਮਾਂਵਲੀ, 2002 ਦੇ ਨਿਯਮ 8 ਅਤੇ 9 ਨਾਲ ਪੜ੍ਹੇ ਜਾਣ ਵਾਲੇ ਦਰਸਾਏ ਕਾਨੂੰਨ ਦੀ ਧਾਰਾ 13 (4) ਦੇ ਅਧੀਨ ਉਨ੍ਹਾਂ ਨੂੰ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਨਿਮਨ ਦਰਸਾਈ ਸੰਪੱਤੀ ਦਾ **ਸੰਕੇਤਕ ਕਬਜ਼ਾ** ਲੈ ਲਿਆ ਹੈ।

ਕਰਜ਼ਦਾਰ (ਾਂ)/**ਜ਼ਾਮਨ** (ਾਂ)/**ਗਿਰਵੀਕਾਰ** (ਾਂ) ਨੂੰ ਵਿਸ਼ੇਸ਼ ਕਰਕੇ ਅਤੇ ਜਨਤਾ ਨੂੰ ਆਮ ਕਰਕੇ ਇਸ ਦੁਆਰਾ ਚੇਤਾਵਨੀ ਦਿੱਤੀ ਜਾਂਦੀ ਹੈ ਕਿ ਦਰਸਾਈ ਸੰਪੱਤੀ ਦੀ ਸੌਦੇਬਾਜ਼ੀ ਨਾ ਕੀਤੀ ਜਾਵੇ ਅਤੇ ਸੰਪੱਤੀ ਦੀ ਸੌਦੇਬਾਜ਼ੀ ਨਿਮਨ ਦਰਸਾਏ ਵੇਰਵਿਆਂ ਅਧੀਨ ਰਕਮ ਦੇ ਲਈ **ਪੰਜਾਬ ਨੈਸ਼ਨਲ ਬੈਂਕ ਬੀਓ ਨਿਹਾਲ ਸਿੰਘ ਵਾਲਾ** (032910) ਦੇ ਚਾਰਜ ਨਾਲ ਸਬੰਧਤ ਹੋਵੇਗੀ।

ਕਰਜ਼ਦਾਰ (ਾਂ)/**ਜ਼ਾਮਨ** (ਾਂ)/**ਗਿਰਵੀਕਾਰ** (ਾਂ) **ਦਾ ਧਿਆਨ ਸੁਰੱਖਿਅਤ ਅਸਾਸਿਆਂ ਦੀ ਪੁਨਰ ਪ੍ਰਾਪਤੀ ਲਈ ਉਪਲਬਧ ਸਮੇਂ ਦੇ ਸਬੰਧ ਵਿਚ ਕਾਨੂੰਨ ਦੀ ਧਾਰਾ 13 ਦੀ ਉਪ-ਧਾਰਾ (8) ਦੀਆਂ ਵਿਵਸਥਾਵਾਂ ਵੱਲ ਦੁਆਇਆ ਜਾਂਦਾ ਹੈ।**

ਕਰਜ਼ਦਾਰ (ਾਂ)/ਜ਼ਾਮਨ (ਾਂ)/ ਦਾ ਨਾਮ	ਗਿਰਵੀ ਸੰਪੱਤੀ/ਆਂ ਦੇ ਵੇਰਵੇ	ਮੰਗ ਸੂਚਨਾ ਦੀ ਮਿਤੀ	ਕਬਜ਼ੇ ਦੀ ਮਿਤੀ	ਬਕਾਇਆ ਰਕਮ
ਕਰਜ਼ਦਾਰ: ਸ੍ਰੀ ਜਗਨ ਨਾਥ ਪੁੱਤਰ ਸ੍ਰੀ ਪਿਆਰੇ ਲਾਲ (ਮ੍ਰਿਤਕ) ਵਾਸੀ ਵਾਰਡ ਨੰ: 4, ਨੇੜੇ ਰੂਪੇ ਦੀ ਹੱਟੀ, ਪਿੰਡ ਵਾਲੀ ਗਲੀ, ਬਰਨਾਲਾ ਰੋਡ, ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ ਅਤੇ ਉਸਦੇ ਕਾਨੂੰਨੀ ਵਾਰਸਾਂ ਸ੍ਰੀ ਰੋਹਿਤ ਕੁਮਾਰ ਪੁੱਤਰ ਜਗਨ ਨਾਥ, ਵਾਰਡ ਨੰ: 4, ਨੇੜੇ ਰੂਪੇ ਦੀ ਹੱਟੀ, ਪਿੰਡ ਵਾਲੀ ਗਲੀ, ਬਰਨਾਲਾ ਰੋਡ, ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ ਅਤੇ ਸ੍ਰੀਮਤੀ ਕਿਰਨ ਬਾਲਾ ਪਤਨੀ ਸਵਰਗੀ ਸ੍ਰੀ ਜਗਨ ਨਾਥ, ਵਾਸੀ ਵਾਰਡ ਨੰ: 4, ਰੂਪੇ ਦੀ ਹੱਟੀ ਨੇੜੇ, ਪਿੰਡ ਵਾਲੀ ਗਲੀ, ਬਰਨਾਲਾ ਰੋਡ, ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ।	3 ਮਰਲੇ ਦੀ ਰਿਹਾਇਸ਼ੀ ਜਾਇਦਾਦ ਦਾ ਬਰਾਬਰ ਗਿਰਵੀਨਾਮਾ ਜਿਸਦਾ ਖਸਰਾ ਨੰਬਰ 269/1/1/2(0-2), 269/2/1/1 (0-1), ਖੇਵਟ ਨੰਬਰ 160 ਸਾਲ 2019-20 ਦੀ ਜਮ੍ਹਾਂਬੰਦੀ ਦੀ ਕਾਪੀ ਅਨੁਸਾਰ ਹੈ ਜੋ ਕਿ ਵਾਰਡ ਨੰਬਰ 4, ਰੂਪੇ ਦੀ ਹੱਟੀ ਦੇ ਨੇੜੇ, ਪਿੰਡ ਵਾਲੀ ਗਲੀ, ਬਰਨਾਲਾ ਰੋਡ, ਨਿਹਾਲ ਸਿੰਘ ਵਾਲਾ ਵਿਖੇ ਸਥਿਤ ਹੈ ਜੋ ਕਿ ਸ੍ਰੀ ਜਗਨ ਨਾਥ ਪੁੱਤਰ ਸ੍ਰੀ ਪਿਆਰੇ ਲਾਲ ਦੇ ਨਾਮ 'ਤੇ 23-07-1998 ਨੂੰ ਵਸੀਕਾ ਨੰਬਰ 1248 ਦੁਆਰਾ ਰਜਿਸਟਰਡ ਹੈ। ਹੇਠ ਲਿਖੇ ਅਨੁਸਾਰ ਹੱਦਬੰਦੀ: - (07-09-2022 ਦੀ ਕਾਨੂੰਨੀ ਰਿਪੋਰਟ ਦੇ ਅਨੁਸਾਰ) ਉੱਤਰ: ਮਾਲਕ ਦੀ ਦੁਕਾਨ ਦੱਖਣ: ਗਲੀ 10 ਚੌੜੀ, ਪੂਰਬ: ਤਰਸੇਮ ਲਾਲ ਦੀ ਰਿਹਾਇਸ਼, ਪੱਛਮ: ਗਿਆਨੀ ਚੰਦ ਦਾ ਰਿਹਾਇਸ਼। ਨੋਟ: ਇਹ ਜਾਇਦਾਦ ਮੁੱਖ ਤੌਰ 'ਤੇ ਸ੍ਰੀ ਜਗਨ ਨਾਥ ਪੁੱਤਰ ਸ੍ਰੀ ਪਿਆਰੇ ਲਾਲ ਦੇ ਕਰਜ਼ਾ ਖਾਤੇ ਵਿੱਚ ਗਿਰਵੀ ਰੱਖੀ ਗਈ ਹੈ।	19.08.2026	31.10.2026	Rs. 5,57,297.42 (ਪੰਜ ਲੱਖ ਸਤਵੰਜਾ ਹਜ਼ਾਰ ਦੋ ਸੌ ਸਤਾਨਵੇਂ ਅਤੇ ਬਿਆਲੀ ਪੈਸੇ ਕੇਵਲ) ਮਿਤੀ 31-05-2026 ਤੋਂ ਅਗਲੇਰੇ ਵਿਆਜ ਅਤੇ ਹੋਰ ਖਰਚਿਆਂ ਸਮੇਤ (ਜੇਕਰ ਕੋਈ ਹੋਵੇ ਤਾਂ ਘੱਟ ਵਸੂਲੀ)

ਮਿਤੀ : 04.11.2026 ਸਥਾਨ : ਫਾਜ਼ਿਲਕਾ ਅਧਿਕਾਰਤ ਅਧਿਕਾਰੀ

ੴ ਸ੍ਰੀ ਵਾਹਿਗੁਰੂ ਜੀ ਕੀ ਫ਼ਤਹਿ
ਪੰਜਾਬ ਐਂਡ ਸਿੰਧ ਬੈਂਕ

ਪੀ.ਐਸ.ਬੀ (ਭਾਰਤ ਸਰਕਾਰ ਦਾ ਅਦਾਰਾ)

[ਨਿਯਮ-8(1)] ਕਬਜ਼ਾ ਨੋਟਿਸ (ਅਚੱਲ ਸੰਪਤੀ ਲਈ)

ਜਦਕਿ, ਹੇਠਾਂ ਦਸਤਖਤਕਰਤਾ, ਜੋ ਕਿ 'ਵਿੱਤੀ ਸੰਪਤੀਆਂ ਦੇ ਸਕਿਓਰਿਟਾਈਜ਼ੇਸ਼ਨ ਅਤੇ ਪੁਨਰਗਠਨ ਅਤੇ ਸੁਰੱਖਿਆ ਹਿੱਤਾਂ ਨੂੰ ਲਾਗੂ ਕਰਨ' ਐਕਟ ਦੇ ਤਹਿਤ ਪੰਜਾਬ ਐਂਡ ਸਿੰਧ ਬੈਂਕ ਦੇ ਅਧਿਕਾਰਤ ਅਧਿਕਾਰੀ ਹਨ, ਨੇ 'ਸੁਰੱਖਿਆ ਹਿੱਤ (ਲਾਗੂਕਰਨ) ਨਿਯਮ, 2002' ਦੇ ਨਿਯਮ 8 ਅਤੇ 9 ਦੇ ਨਾਲ ਪੜ੍ਹੇ ਜਾਣ ਵਾਲੇ ਐਕਟ ਦੀ ਧਾਰਾ 13(2) ਅਤੇ 13(12) ਅਧੀਨ ਪ੍ਰਾਪਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ, ਸਬੰਧਤ ਵਿਅਕਤੀਆਂ ਦੇ ਨਾਵਾਂ ਦੇ ਸਾਹਮਣੇ ਦਰਜ ਮਿਤੀਆਂ 'ਤੇ ਇੱਕ ਮੰਗ ਨੋਟਿਸ ਜਾਰੀ ਕੀਤਾ ਸੀ। ਇਸ ਨੋਟਿਸ ਰਾਹੀਂ ਕਰਜ਼ਦਾਰ/ਗਾਰੰਟਰਾਂ/ਜ਼ਮਾਨਤਦਾਰਾਂ ਨੂੰ ਕਿਹਾ ਗਿਆ ਸੀ ਕਿ ਉਹ ਨੋਟਿਸ ਪ੍ਰਾਪਤ ਹੋਣ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ-ਅੰਦਰ ਹੇਠਾਂ ਦੱਸੀ ਗਈ ਰਕਮ ਦੀ ਅਦਾਇਗੀ ਕਰਨ।

ਕਰਜ਼ਦਾਰ(ਾਂ) ਅਤੇ ਜ਼ਾਮਨ (ਾਂ) ਵੱਲੋਂ ਉਕਤ ਰਕਮ ਦੀ ਅਦਾਇਗੀ ਨਹੀਂ ਕੀਤੀ ਗਈ ਹੈ, ਇਸ ਲਈ ਕਰਜ਼ਦਾਰ, ਜ਼ਾਮਨ ਅਤੇ ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਹੇਠਾਂ ਦਸਤਖਤਕਰਤਾ ਨੇ, ਉਕਤ ਐਕਟ ਦੀ ਧਾਰਾ 13(4) ਅਤੇ ਉਕਤ ਨਿਯਮਾਂ ਦੇ ਨਿਯਮ 8 ਤੇ 9 ਅਧੀਨ ਪ੍ਰਾਪਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ, ਖਾਤੇ ਦੇ ਸਾਹਮਣੇ ਦਰਜ ਮਿਤੀ 'ਤੇ ਹੇਠਾਂ ਵਰਣਿਤ ਸੰਪਤੀਆਂ ਦਾ ਕਬਜ਼ਾ ਲੈ ਲਿਆ ਹੈ।

ਕਰਜ਼ਦਾਰ ਅਤੇ ਆਮ ਜਨਤਾ ਨੂੰ ਸਾਵਧਾਨ ਕੀਤਾ ਜਾਂਦਾ ਹੈ ਕਿ ਉਹ ਇਨ੍ਹਾਂ ਸੰਪਤੀਆਂ ਦੇ ਸਬੰਧ ਵਿੱਚ ਕੋਈ ਲੈਣ-ਦੇਣ ਨਾ ਕਰਨ। ਜੇਕਰ ਅਜਿਹਾ ਕੋਈ ਲੈਣ-ਦੇਣ ਕੀਤਾ ਜਾਂਦਾ ਹੈ, ਤਾਂ ਉਹ ਪੰਜਾਬ ਐਂਡ ਸਿੰਧ ਬੈਂਕ ਦੇ ਅਧਿਕਾਰ ਅਧੀਨ ਹੋਵੇਗਾ, ਜਿਸ ਵਿੱਚ ਸਬੰਧਤ ਵਿਅਕਤੀ ਦੇ ਨਾਮ ਦੇ ਸਾਹਮਣੇ ਦਰਜ ਰਕਮ ਦੇ ਨਾਲ-ਨਾਲ ਵਿਆਜ ਅਤੇ ਵਸੂਲੀ ਹੋਣ ਤੱਕ ਲੱਗਣ ਵਾਲੇ ਹੋਰ ਖਰਚੇ ਵੀ ਸ਼ਾਮਲ ਹੋਣਗੇ।

ਕਰਜ਼ਦਾਰ ਦਾ ਧਿਆਨ ਉਕਤ ਐਕਟ ਦੀ ਧਾਰਾ 13 ਦੀ ਉਪ-ਧਾਰਾ (8) ਵੱਲ ਦਿਵਾਇਆ ਜਾਂਦਾ ਹੈ, ਜਿਸ ਵਿੱਚ ਸੁਰੱਖਿਅਤ ਸੰਪਤੀਆਂ ਨੂੰ ਵਾਪਸ ਛੁਡਾਉਣ ਲਈ ਉਪਲਬਧ ਸਮੇਂ ਬਾਰੇ ਦੱਸਿਆ ਗਿਆ ਹੈ।

ਕਰਜ਼ਦਾਰ (ਾਂ) ਅਤੇ ਜ਼ਾਮਨ (ਾਂ) ਦਾ ਨਾਮ	ਅਚੱਲ ਸੰਪੱਤੀਆਂ ਦੇ ਵੇਰਵੇ	ਮੰਗ ਸੂਚਨਾ ਦੀ ਮਿਤੀ	ਕਬਜ਼ੇ ਦੀ ਮਿਤੀ	ਬਕਾਇਆ ਰਕਮ
ਫੁੱਟਬਾਲ ਚੌਕ ਜਲੰਧਰ 1) ਸ੍ਰੀ ਨਰਿਦਰਪਾਲ ਸਿੰਘ ਪੁੱਤਰ ਤਰਲੋਕ ਸਿੰਘ ਵਾਸੀ-933 ਗੁਰੂ ਅਰਜਨ ਨਗਰ ਬਸਤੀ ਮਿੱਠੂ ਜਲੰਧਰ, 2) ਸ੍ਰੀਮਤੀ ਸੁਖਵਿੰਦਰ ਕੌਰ ਪੁੱਤਰ ਨਰਿਦਰ ਪਾਲ ਸਿੰਘ (ਜ਼ਾਮਨ) ਵਾਸੀ-933, ਗੁਰੂ ਅਰਜਨ ਨਗਰ ਬਸਤੀ ਮਿੱਠੂ, ਜਲੰਧਰ, 3) ਸ੍ਰੀ ਕਰਤਾਰ ਸਿੰਘ ਪੁੱਤਰ ਸ੍ਰੀ ਸੰਧੂ ਸਿੰਘ ਵਾਸੀ-905 ਅਰਜਨ ਨਗਰ ਬਸਤੀ ਮਿੱਠੂ ਜਲੰਧਰ	ਜ਼ਮੀਨ ਅਤੇ ਇਮਾਰਤ ਦੇ ਸਾਰੇ ਭਾਗ ਅਤੇ ਹਿੱਸੇ ਭਾਵ ਗੁਰੂ ਨਾਨਕ ਨਗਰ, ਬਸਤੀ ਮਿੱਠੂ ਜਲੰਧਰ ਵਿੱਚ ਮਕਾਨ ਦਾ ਬਰਾਬਰ ਗਿਰਵੀਨਾਮਾ, ਜਿਸਦਾ ਮਾਪ 2 ਮਰਲੇ (ਹੱਦਬਸਤ ਨੰਬਰ 310 ਵਿੱਚੋਂ 414 ਵਰਗ ਫੁੱਟ ਜਮ੍ਹਾਂਬੰਦੀ ਸਾਲ 2006-2007 ਅਨੁਸਾਰ ਹੈ, ਜਿਸ ਵਿੱਚ ਖਾਤਾ ਖਤੌਣੀ ਨੰਬਰ 168/190 ਸ਼ਾਮਲ ਹੈ ਜਿਸ ਵਿੱਚ ਖਸਰਾ ਨੰਬਰ 168/190 ਸ਼ਾਮਲ ਹੈ ਜਿਸ ਵਿੱਚ 804/39/1 ਸ਼ਾਮਲ ਹੈ ਜੋ ਪਤਾ ਨੰਬਰ 01 ਦੇ ਨਾਮ 'ਤੇ ਵਿਕਰੀ ਡੀਡ ਨੰਬਰ 1048 ਮਿਤੀ 09-05-2011 ਅਨੁਸਾਰ ਸਬ ਰਜਿਸਟਰਾਰ ਜਲੰਧਰ ਅੱਗੇ ਰਜਿਸਟਰਡ ਹੈ, ਹੱਦਬੰਦੀ: - ਪੂਰਬ:- ਲੇਨ, ਪੱਛਮ:- ਹਰਭਜਨ ਸਿੰਘ ਅਤੇ ਬਲਵੰਤ ਸਿੰਘ, ਉੱਤਰ:- ਲੇਨ, ਦੱਖਣ:- ਅੰਜਨਾ	13.08.2026	02.11.2026	Rs. 2,20,414.40/- (ਦੋ ਲੱਖ ਵੀਹ ਹਜ਼ਾਰ ਚਾਰ ਸੌ ਚੌਦਾਂ ਅਤੇ ਚਾਲੀ ਪੈਸੇ ਕੇਵਲ) ਜਿਸ ਵਿੱਚ 30-09-2025 ਤੱਕ ਲਾਗੂ ਵਿਆਜ ਅਤੇ ਉਸ 'ਤੇ ਲੱਗੇ ਵਿਆਜ/ਹੋਰ ਖਰਚੇ ਸ਼ਾਮਲ ਹਨ।

ਮਿਤੀ : 02.11.2026 ਸਥਾਨ : ਜਲੰਧਰ ਅਧਿਕਾਰਤ ਅਧਿਕਾਰੀ

ਬੈਂਕ ਆਫ ਬੜੌਦਾ Bank of Baroda

ਜ਼ੋਨਲ ਸਟ੍ਰੈਸਡ ਐਸੇਟਸ ਰਿਕਵਰੀ ਬ੍ਰਾਂਚ (ਜ਼ੈਡਓਐਸਏਆਰਬੀ),
ਐਸਸੀਓ 1120-1121, ਸੈਕਟਰ 22, ਚੰਡੀਗੜ੍ਹ-160022
M: 88269-90503, E-MAIL: ARMCHA@bankofbaroda.bank.in

ਈ-ਨਿਲਾਮੀ ਵਿਕਰੀ ਸੂਚਨਾ

ਚੱਲ/ਅਚੱਲ ਜਾਇਦਾਦਾਂ ਦੀ ਵਿਕਰੀ ਲਈ ਵਿਕਰੀ ਸੂਚਨਾ
ਅੰਤਿਕਾ-**IV** 1 [ਨਿਯਮ 6(2), 8(6) ਅਤੇ 9(1) ਦੇ ਪ੍ਰਾਵਧਾਨ ਵੇਖੋ]

ਵਿਸਥਾਰਤ ਨਿਯਮ ਅਤੇ ਸ਼ਰਤਾਂ ਲਈ ਇਥੇ ਸਕੈਨ ਕਰੋ

ਸੁਰੱਖਿਆ ਵਿਆਜ (ਲਾਗੂਕਰਨ) ਨਿਯਮ, 2002 ਦੇ ਨਿਯਮ 6(2), 8(6) ਅਤੇ 9(1) ਦੇ ਪ੍ਰਾਵਧਾਨ ਦੇ ਨਾਲ ਪੜ੍ਹੇ ਗਏ ਵਿੱਤੀ ਸੰਪਤੀਆਂ ਦੇ ਪ੍ਰਤੀਭੂਤੀਕਰਨ ਅਤੇ ਪੁਨਰ ਨਿਰਮਾਣ ਅਤੇ ਸੁਰੱਖਿਆ ਹਿੱਤ ਐਕਟ, 2002 ਦੇ ਅਧੀਨ ਸੰਪਤੀਆਂ ਦੀ ਵਿਕਰੀ ਲਈ ਈ-ਨਿਲਾਮੀ ਵਿਕਰੀ ਸੂਚਨਾ।

ਇਸ ਦੁਆਰਾ ਆਮ ਤੌਰ 'ਤੇ ਜਨਤਾ ਨੂੰ ਅਤੇ ਖਾਸ ਤੌਰ 'ਤੇ ਕਰਜ਼ਦਾਰ(ਾਂ), ਗਿਰਵੀਕਾਰ(ਾਂ) ਅਤੇ ਜ਼ਾਮਨ(ਾਂ) ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਹੇਠਾਂ ਦੱਸੀ ਗਈ ਚੱਲ/ਅਚੱਲ ਜਾਇਦਾਦ ਸੁਰੱਖਿਅਤ ਕਰਜਦਾਤਾ ਨੂੰ ਗਿਰਵੀ/ਚਾਰਜ ਕੀਤੀ ਗਈ ਹੈ, ਜਿਸਦਾ ਕਬਜ਼ਾ ਬੈਂਕ ਆਫ਼ ਬੜੌਦਾ ਦੇ ਅਧਿਕਾਰਤ ਅਧਿਕਾਰੀ, ਸੁਰੱਖਿਅਤ ਕਰਜ਼ਦਾਤਾ ਦੁਆਰਾ ਲਿਆ ਗਿਆ ਹੈ, ਜੋ ਕਿ ਹੇਠਾਂ ਦਿੱਤੇ ਖਾਤਿਆਂ ਵਿੱਚ ਬਕਾਏ ਦੀ ਵਸੂਲੀ ਲਈ "ਜਿਵੇਂ ਹੈ ਜਿੱਥੇ ਹੈ", "ਜਿਵੇਂ ਹੈ ਜੋ ਹੈ" ਅਤੇ "ਜਿਵੇਂ ਹੈ ਉੱਥੇ ਹੈ" ਦੇ ਆਧਾਰ 'ਤੇ ਵੇਚੀ ਜਾਵੇਗੀ। ਕਰਜ਼ਦਾਰ(ਾਂ)/ਗਿਰਵੀਕਾਰ(ਾਂ)/ਜ਼ਾਮਨ(ਾਂ)/ਸੁਰੱਖਿਅਤ ਸੰਪਤੀ(ਆਂ)/ਬਕਾਏ/ਰਾਖਵੀਂ ਕੀਮਤ/ਈ-ਨਿਲਾਮੀ ਦੀ ਮਿਤੀ ਅਤੇ ਸਮਾਂ, ਬਿਆਨਾਂ ਰਕਮ ਅਤੇ ਬੋਲੀ ਵਾਧੇ ਦੀ ਰਕਮ ਦੇ ਵੇਰਵੇ ਹੇਠਾਂ ਦਿੱਤੇ ਗਏ ਹਨ:-

ਲ. ਨੰ.	ਸ਼ਾਖਾ ਅਤੇ ਕਰਜ਼ਦਾਰ (ਾਂ)/ਜ਼ਾਮਨ (ਾਂ) ਅਤੇ ਗਿਰਵੀਕਾਰ (ਾਂ) ਦਾ ਨਾਮ	ਜਾਣੂੰ ਦੇਣਦਾਰੀਆਂ, ਜੇਕਰ ਕੋਈ ਹਨ, ਸਮੇਤ ਚੱਲ/ਅਚੱਲ ਸੰਪੱਤੀ ਦੇ ਵੇਰਵੇ	ਕੁੱਲ ਬਕਾਏ	ਈ-ਨਿਲਾਮੀ ਦੀ ਮਿਤੀ ਅਤੇ ਸਮਾਂ	ਰਾਖਵੀਂ ਕੀਮਤ / ਬਿਆਨਾ ਰਕਮ / ਬੋਲੀ ਵਾਧਾ ਰਕਮ	ਕਬਜ਼ੇ ਦੀ ਸਥਿਤੀ (ਉਸਾਰੂ/ਭੌਤਿਕ)	ਸੰਪੱਤੀ ਦੀ ਜਾਂਚ ਦੀ ਮਿਤੀ ਅਤੇ ਸਮਾਂ	ਅਧਿਕਾਰਤ ਅਧਿਕਾਰੀ ਦਾ ਨਾਮ ਅਤੇ ਸੰਪਰਕ ਨੰਬਰ
1.	ਜ਼ੈਡਓਐਸਏਆਰਬੀ, ਚੰਡੀਗੜ੍ਹ; ਮੈਸਰਜ਼ ਨਾਰਥ ਇੰਡੀਅਨ ਫੂਡਜ਼ ਪ੍ਰਾਈਵੇਟ ਲਿਮਟਿਡ, ਪਲਾਟ ਨੰਬਰ ਸੀ-18, ਫੋਕਲ ਪੁਆਇੰਟ, ਇੰਡਸਟਰੀਅਲ ਏਰੀਆ, ਚਨਾਲੋਂ, ਖਰੜ, ਕੁਰਾਲੀ, ਪੰਜਾਬ-140103	ਸੀ-18 ਅਤੇ ਸੀ-19 ਇੰਡਸਟਰੀਅਲ ਫੋਕਲ ਪੁਆਇੰਟ, ਚਨਾਲੋਂ, ਖਰੜ, ਮੋਹਾਲੀ ਪੰਜਾਬ ਵਿਖੇ ਸਥਿਤ ਜਾਇਦਾਦ, ਹਰੇਕ ਦਾ ਮਾਪ 1011.11 ਵਰਗ ਗਜ਼ ਹੈ। ਇਹ ਜਾਇਦਾਦ ਕ੍ਰਮਵਾਰ ਮੈਸਰਜ਼ ਨੌਰਥ ਇੰਡੀਅਨ ਫੂਡਜ਼ ਪ੍ਰਾਈਵੇਟ ਲਿਮਟਿਡ ਅਤੇ ਸ੍ਰੀ ਆਦਿਤਿਆ ਗੁਪਤਾ ਦੀ ਮਲਕੀਅਤ ਹੈ। ਪੀਐਸਆਈਈਸੀ ਚੰਡੀਗੜ੍ਹ ਦੁਆਰਾ ਲੀਜ਼ਹੋਲਡ। ਉਪਰੋਕਤ ਪਤਿਆਂ 'ਤੇ ਪਈ ਸਕ੍ਰੈਪ ਮੁੱਲ 'ਤੇ ਧਰਤੀ ਵਿੱਚ ਜਮ੍ਹਾ ਸਾਰੀ ਮੌਜੂਦਾ ਅਤੇ ਭਵਿੱਖੀ ਚੱਲ ਜਾਇਦਾਦ ਜਿਵੇਂ ਕਿ ਸਥਿਰ ਪਲਾਂਟ ਅਤੇ ਮਸ਼ੀਨਰੀ, ਫਿਕਸਚਰ ਆਦਿ ਦੇ ਗਿਰਵੀਨਾਮੇ ਦੇ ਨਾਲ। ਜਾਇਦਾਦ ਆਈਡੀ:- BARB26062025	10.40 ਕਰੋੜ ਰੁਪਏ 08.02.2023 ਦੇ ਡਿਮਾਂਡ ਨੋਟਿਸ ਅਨੁਸਾਰ ਘੱਟ - ਰਿਕਵਰੀ, ਜੇਕਰ ਕੋਈ ਹੈ।	10.12.2026 from 11:00 Hrs. to 15:00 Hrs.	Rs. 6,98,29,000/- / Rs. 69,82,900/- / Rs. 5,00,000/-	ਸੰਕੇਤਕ ਕਬਜ਼ਾ	NA	ਸ੍ਰੀ ਪ੍ਰਦੀਪਤ ਸਵਰ ਭਾਰਦਵਾਜ Mobile: 8826990503
2.	ਜ਼ੈਡਓਐਸਏਆਰਬੀ, ਚੰਡੀਗੜ੍ਹ; ਮੈਸਰਜ਼ ਵੀਰਗੋ ਗ੍ਰੇਸ ਲੈਬਾਰਟਰੀਜ਼, ਪਿੰਡ ਕਿਸ਼ਨਪੁਰਾ, ਤਹਿਸੀਲ ਬੱਦੀ, ਜ਼ਿਲ੍ਹਾ ਸੋਲਨ-173205	ਖੇਵਟ/ਖਤੌਨੀ ਨੰਬਰ 1003/1482, ਖਸਰਾ ਨੰਬਰ 4829/1450 ਵਾਲੀ ਜ਼ਮੀਨ 'ਤੇ ਵਪਾਰਕ ਇਮਾਰਤ, ਜੋ ਕਿ ਮੇਨ ਮਾਰਕੀਟ, ਰੇਲਵੇ ਰੋਡ, ਇੰਡੀਅਨ ਬੈਂਕ ਦੇ ਨੇੜੇ, ਨਵਾਂਸ਼ਹਿਰ, ਜ਼ਿਲ੍ਹਾ ਐਸਬੀਐਸ ਨਗਰ ਵਿਖੇ ਸਥਿਤ ਹੈ ਜਿਸ ਦਾ ਮਾਪ 34.66 ਵਰਗ ਗਜ਼ ਹੈ। ਜਾਇਦਾਦ ਆਈਡੀ:- BARB3775NAWAVIRGO	4.65 ਕਰੋੜ ਰੁਪਏ 17.01.2015 ਦੇ ਡਿਮਾਂਡ ਨੋਟਿਸ ਅਨੁਸਾਰ ਘੱਟ - ਰਿਕਵਰੀ, ਜੇਕਰ ਕੋਈ ਹੈ।	10.12.2026 from 11:00 Hrs. to 15:00 Hrs.	Rs. 68,00,000/- / Rs. 6,80,000/- / Rs. 1,00,000/-	ਸੰਕੇਤਕ ਕਬਜ਼ਾ	NA	ਸ੍ਰੀ ਪ੍ਰਦੀਪਤ ਸਵਰ ਭਾਰਦਵਾਜ Mobile: 8826990503

ਬਿਆਨਾ ਰਕਮ ਜਮ੍ਹਾਂ ਕਰਾਉਣ ਦੀ ਆਖਰੀ ਮਿਤੀ: ਈ-ਨਿਲਾਮੀ ਦੀ ਮਿਤੀ ਅਤੇ ਸਮੇਂ ਤੱਕ ਜਾਂ ਇਸ ਤੋਂ ਪਹਿਲਾਂ
ਈ-ਨਿਲਾਮੀ ਸ਼ੁਰੂ ਹੋਣ ਦੀ ਮਿਤੀ ਅਤੇ ਸਮਾਂ: 10.12.2026 ਨੂੰ ਸਵੇਰੇ 11:00 ਵਜੇ ਤੋਂ ਦੁਪਹਿਰ 15:00 ਵਜੇ ਤੱਕ ਬਿਆਨਾ ਰਕਮਭੁਗਤਾਨ ਦਾ ਤਰੀਕਾ: **NEFT/RTGS**

ਵਿਕਰੀ ਦੀਆਂ ਵਿਸਤ੍ਰਿਤ ਸ਼ਰਤਾਂ ਅਤੇ ਨਿਯਮਾਂ ਲਈ, ਕਿਰਪਾ ਕਰਕੇ ਵੈੱਬਸਾਈਟ ਲਿੰਕ **https://www.bankofbaroda.bank.in/e-auction** ਅਤੇ ਆਨਲਾਈਨ ਨਿਲਾਮੀ ਪੋਰਟਲ **Baanknet.com** 'ਤੇ ਜਾਓ। ਇਸ ਤੋਂ ਇਲਾਵਾ, ਸੰਭਾਵੀ ਬੋਲੀਕਾਰ ਅਧਿਕਾਰਤ ਅਧਿਕਾਰੀ ਨਾਲ ਮੋਬਾਈਲ ਨੰਬਰ 8826990503, 9646103815 'ਤੇ ਸੰਪਰਕ ਕਰ ਸਕਦੇ ਹਨ। ਇਸ ਨੂੰ **SARFAESI** ਐਕਟ 2002 ਦੇ ਤਹਿਤ ਵਿਕਰੀ ਲਈ 30 ਦਿਨਾਂ ਦਾ ਕਾਨੂੰਨੀ ਨੋਟਿਸ ਮੰਨਿਆ ਜਾ ਸਕਦਾ ਹੈ।

ਮਿਤੀ: 04.11.2026 ਸਥਾਨ: ਚੰਡੀਗੜ੍ਹ ਅਧਿਕਾਰਤ ਅਧਿਕਾਰੀ

ਆਈਡੀਬੀਆਈ ਬੈਂਕ ਲਿਮ.

IDBI BANK — BANK AISA DOST JAISA

ਜ਼ੋਨਲ ਦਫ਼ਤਰ ਐਸਸੀਓ
72-73, ਸੈਕਟਰ-17ਬੀ,
ਬੈਂਕ ਸਕੁਏਅਰ, ਚੰਡੀਗੜ੍ਹ-160 017

ਕਬਜ਼ਾ ਸੂਚਨਾ

ਜਿਥੇ ਕਿ, ਨਿਮਨ ਹਸਤਾਖਰੀ ਨੇ **ਆਈਡੀਬੀਆਈ ਬੈਂਕ ਲਿਮ.** ਦੇ ਅਧਿਕਾਰਤ ਅਧਿਕਾਰੀ ਵਜੋਂ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦੀ ਅਧਿਕਾਰਤਾ ਕਾਨੂੰਨ, 2002 (2002 ਦਾ 54) ਦੇ ਅਧੀਨ ਅਤੇ ਸੁਰੱਖਿਆ ਵਿਆਜ (ਅਧਿਕਾਰਤਾ) ਨਿਯਮਾਂਵਲੀ, 2002 ਦੇ ਨਿਯਮ 3 ਨਾਲ ਪੜ੍ਹੀ ਜਾਣ ਵਾਲੀ ਧਾਰਾ 13 (12) ਅਧੀਨ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਦਰਸਾਈ ਸੂਚਨਾ ਦੀ ਪ੍ਰਾਪਤੀ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਸੂਚਨਾ ਵਿਚ ਦਰਸਾਈ ਰਕਮ ਨੂੰ ਅਦਾ ਕਰਨ ਲਈ ਕਰਜ਼ਦਾਰ ਨੂੰ ਸੱਦਾ ਦਿੰਦੇ ਹੋਏ ਮਿਤੀ (ਨਿਮਨ ਦਰਸਾਈ ਸਾਰਣੀ ਦੇ ਅਨੁਸਾਰ) ਨੂੰ ਮੰਗ ਸੂਚਨਾ ਜਾਰੀ ਕੀਤੀ ਸੀ।

ਕਰਜ਼ਦਾਰ ਰਕਮ ਅਦਾ ਕਰਨ ਵਿਚ ਅਸਫ਼ਲ ਰਹੇ ਹਨ, ਇਸ ਲਈ ਇਥੇ ਕਰਜ਼ਦਾਰ/ਗਿਰਵੀਕਾਰ ਨੂੰ ਅਤੇ ਆਮ ਜਨਤਾ ਨੂੰ ਸੂਚਨਾ ਦਿੱਤੀ ਜਾਂਦੀ ਹੈ ਕਿ ਨਿਮਨ ਹਸਤਾਖਰੀ ਨੇ ਇਸ ਮਿਤੀ ਨੂੰ ਦਰਸਾਈ ਨਿਯਮਾਂਵਲੀ ਸੁਰੱਖਿਆ ਵਿਆਜ (ਅਧਿਕਾਰਤਾ) ਨਿਯਮਾਂਵਲੀ, 2002 ਦੇ ਨਿਯਮ 8 ਨਾਲ ਪੜ੍ਹੇ ਜਾਣ ਵਾਲੇ ਕਾਨੂੰਨ ਦੀ ਧਾਰਾ 13 ਦੀ ਉਪ-ਧਾਰਾ (4) ਦੇ ਅਧੀਨ ਉਨ੍ਹਾਂ ਨੂੰ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਨਿਮਨ ਦਰਸਾਈ ਸੰਪੱਤੀ ਦਾ ਕਬਜ਼ਾ ਲੈ ਲਿਆ ਹੈ।

ਕਰਜ਼ਦਾਰ ਨੂੰ ਵਿਸ਼ੇਸ਼ ਕਰਕੇ ਅਤੇ ਜਨਤਾ ਨੂੰ ਆਮ ਕਰਕੇ ਇਥੇ ਚੇਤਾਵਨੀ ਦਿੱਤੀ ਜਾਂਦੀ ਹੈ ਕਿ ਸੰਪੱਤੀ ਦੀ ਸੌਦੇਬਾਜ਼ੀ ਨਾ ਕੀਤੀ ਜਾਵੇ ਅਤੇ ਸੰਪੱਤੀ ਦੀ ਕੋਈ ਵੀ ਸੌਦੇਬਾਜ਼ੀ ਕਰਜ਼ਦਾਰ ਤੋਂ ਬਕਾਇਆ ਕੁੱਲ ਰਕਮ ਅਤੇ ਵਿਆਜ (ਨਿਮਨ ਦਰਸਾਈ ਸਾਰਣੀ ਦੇ ਅਨੁਸਾਰ) ਦੇ ਲਈ **ਆਈਡੀਬੀਆਈ ਬੈਂਕ ਲਿਮ.** ਦੇ ਚਾਰਜ ਨਾਲ ਸਬੰਧਤ ਹੋਵੇਗੀ।

ਕਰਜ਼ਦਾਰ ਦਾ ਧਿਆਨ ਸੁਰੱਖਿਅਤ ਸੰਪੱਤੀਆਂ ਦੀ ਪੁਨਰ ਪ੍ਰਾਪਤੀ ਲਈ ਉਪਲਬਧ ਸਮੇਂ ਦੇ ਸਬੰਧ ਵਿੱਚ ਕਾਨੂੰਨ ਦੀ ਧਾਰਾ 13 ਦੀ ਉਪ-ਧਾਰਾ (8) ਦੀਆਂ ਵਿਵਸਥਾਵਾਂ ਵੱਲ ਦੁਆਇਆ ਜਾਂਦਾ ਹੈ।

ਕਰਜ਼ਦਾਰਾਂ/ਸੰਪੱਤੀ ਦੇ ਮਾਲਕ ਦਾ ਨਾਮ	ਮੰਗ ਸੂਚਨਾ ਦੀ ਮਿਤੀ	ਕਬਜ਼ਾ ਸੂਚਨਾ ਦੀ ਮਿਤੀ	ਮੰਗ ਸੂਚਨਾ ਵਿਚ ਦਾਅਵਾ ਕੀਤੀ ਰਕਮ	ਚੱਲ/ਅਚੱਲ ਸੰਪੱਤੀ ਦੇ ਵੇਰਵੇ (ਸੰਪੱਤੀ ਦੇ ਸ਼ਾਮਲ ਸਾਰੇ ਭਾਗ ਅਤੇ ਹਿੱਸੇ)
ਸ਼੍ਰੀਮਤੀ ਕਮਲਜੀਤ ਕੌਰ ਸੁਪਤਨੀ ਸ਼੍ਰੀ ਦਵਿੰਦਰਪਾਲ ਸਿੰਘ ਅਤੇ ਸ਼੍ਰੀਮਤੀ ਪ੍ਰਭਜੋਤ ਕੌਰ	08.07.2026	31.10.2026	Rs. 21,86,890/- 21,86,890/- ਰੁਪਏ (ਇੱਕੀ ਲੱਖ ਛਿਆਸੀ ਹਜ਼ਾਰ ਅੱਠ ਸੌ ਨੱਬੇ ਰੁਪਏ ਕੇਵਲ) 10.04.2026 ਨੂੰ LAP ਵਿੱਚ ਅਤੇ 62,446/- ਰੁਪਏ (ਬਾਹਠ ਹਜ਼ਾਰ ਚਾਰ ਸੌ ਛਿਆਲੀ ਰੁਪਏ ਕੇਵਲ) 11.04.2026 ਨੂੰ RA ਅਧੀਨ ਬੀਮਾ ਪ੍ਰੀਮੀਅਮ ਲਈ ਕਰਜ਼ਾ ਦੋਵਾਂ ਖਾਤਿਆਂ ਵਿੱਚ 09.04.2026 ਤੱਕ ਲਾਗੂ ਵਿਆਜ ਸਮੇਤ ਪੂਰੀ ਲਾਗਤ ਅਤੇ ਭੁਗਤਾਨ/ਪ੍ਰਾਪਤੀ ਤੱਕ ਹੋਰ ਖਰਚੇ।	ਜਮ੍ਹਾਂਬੰਦੀ 2017-18 ਦੇ ਅਨੁਸਾਰ ਉਹ ਸਾਰੀ ਜ਼ਮੀਨ ਦੇ ਸਾਰੇ ਭਾਗ ਅਤੇ ਹਿੱਸੇ ਜੋ ਮਕਾਨ ਨੰਬਰ 126 ਦੇ ਬਨਦੇ ਹਿੱਸੇ ਵਿੱਚ, ਖਸਰਾ ਨੰਬਰ 38//18/2, 19, 20, 21, 22, 23/1, 44//1, 2, 3/1, ਖੇਵਟ 288/295 ਵਿੱਚ ਸ਼ਾਮਲ ਹੈ, ਜਿਸਦਾ ਕੁੱਲ ਮਾਪ 07 ਮਰਲੇ 166 ਵਰਗ ਫੁੱਟ (ਮਾਪ 17'-4" x 60' ਭਾਵ 2070 ਵਰਗ ਫੁੱਟ ਪ੍ਰਤੀ ਮਰਲਾ 272 ਵਰਗ ਫੁੱਟ) ਵਿਕਰੀ ਡੀਡ ਰਜਿਸਟ੍ਰੇਸ਼ਨ ਨੰਬਰ 2019-20/186/1/8608 ਮਿਤੀ 19.11.2019 ਅਨੁਸਾਰ ਨਿਊ ਡਿਫੈਂਸ ਕਲੋਨੀ, ਪਿੰਡ ਲੱਧੇਵਾਲੀ, ਤਹਿਸੀਲ ਅਤੇ ਜ਼ਿਲ੍ਹਾ ਜਲੰਧਰ ਵਿਖੇ ਪੰਜਾਬ ਰਾਜ ਵਿੱਚ ਸਥਿਤ ਹੈ, ਜੋ ਕਿ ਸ੍ਰੀ ਦਵਿੰਦਰਪਾਲ ਸਿੰਘ ਸਪੁੱਤਰ ਸ੍ਰੀ ਜਸਵੰਤ ਸਿੰਘ ਦੇ ਨਾਮ 'ਤੇ ਰਜਿਸਟਰਡ ਹੈ ਅਤੇ ਜਿਸਦੀ ਹੱਦਬੰਦੀ ਇਸ ਪ੍ਰਕਾਰ ਹੈ:- ਪੂਰਬ ਵੱਲ: ਡੀ.ਆਰ. ਸ਼ਰਮਾ; ਪੱਛਮ ਵੱਲ: ਗੁਰਦੁਆਰਾ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ; ਦੱਖਣ ਵੱਲ: ਸ਼ਿਬੂ ਅਤੇ ਹੋਰ; ਉੱਤਰ ਵੱਲ: ਸੜਕ; ਸਾਰੇ ਅਤੇ ਇਕਵਚਨ ਦੇ ਨਾਲ, ਮੌਜੂਦਾ ਅਤੇ ਭਵਿੱਖੀ ਦੋਵੇਂ ਤਰ੍ਹਾਂ ਦੀਆਂ ਬਣਤਰਾਂ ਅਤੇ ਉਸਾਰੀਆਂ।
ਮੈਸਰਜ਼ ਭਾਰਤ ਸਟੀਲਜ਼ ਐਂਡ ਪ੍ਰੋਪ, ਸ਼੍ਰੀ ਗੌਤਮ ਖੁਰਾਣਾ ਪੁੱਤਰ ਸ਼੍ਰੀ ਵਿਨੋਦ ਖੁਰਾਣਾ ਅਤੇ ਸ਼੍ਰੀ ਵਿਨੋਦ ਖੁਰਾਣਾ ਪੁੱਤਰ ਸ਼੍ਰੀ ਹਰਬੰਸ ਲਾਲ ਖੁਰਾਣਾ ਗਿਰਵੀਕਾਰ ਅਤੇ ਜ਼ਾਮਨ	24.07.2026	31.10.2026	Rs. 25,34,194.78 25,34,194.78 ਰੁਪਏ (ਪੱਚੀ ਲੱਖ ਚੌਂਤੀ ਹਜ਼ਾਰ ਇੱਕ ਸੌ ਚੌਰਾਨਵੇਂ ਅਤੇ ਅਠੱਤਰ ਪੈਸੇ ਕੇਵਲ) 01.04.2026 ਨੂੰ ਜਾਇਦਾਦ ਦੇ ਵਿਰੁੱਧ MSME OD ਵਿੱਚ 01.04.2026 ਤੱਕ ਲਾਗੂ ਵਿਆਜ ਸਮੇਤ ਅਤੇ 1,70,733.61 ਰੁਪਏ (ਇੱਕ ਲੱਖ ਸੱਤਰ ਹਜ਼ਾਰ ਸੱਤ ਸੌ ਤੇਤੀ ਅਤੇ ਇਕਾਹਠ ਪੈਸੇ ਕੇਵਲ) 05.04.2006 ਨੂੰ 04.04.2026 ਤੱਕ ਲਾਗੂ ਵਿਆਜ ਸਮੇਤ ਅਤੇ 2,61,910/- ਰੁਪਏ (ਦੋ ਲੱਖ ਇਕਾਹਠ ਹਜ਼ਾਰ ਨੌਂ ਸੌ ਦਸ ਰੁਪਏ) 05.04.2026 ਨੂੰ 04.04.2026 ਤੱਕ ਲਾਗੂ ਵਿਆਜ ਸਮੇਤ ਕੁੱਲ 29,66,838.39 ਰੁਪਏ (ਉਨੱਤੀ ਲੱਖ ਛਿਆਠ ਹਜ਼ਾਰ ਅੱਠ ਸੌ ਅਠੱਤੀ ਅਤੇ ਉਨਤਾਲੀ ਪੈਸੇ ਕੇਵਲ), ਇਸ ਉੱਤੇ ਹੋਰ ਵਿਆਜ ਸਮੇਤ, ਜੋ ਕਿ 02.04.2026 ਤੋਂ ਜਾਇਦਾਦ ਦੇ ਵਿਰੁੱਧ MSME OD ਵਿੱਚ ਅਤੇ 05.04.2026 ਤੋਂ ਨਿੱਜੀ ਕਰਜ਼ੇ ਅਤੇ ਆਟੋ ਕਰਜ਼ੇ ਵਿੱਚ ਪੂਰੀ ਲਾਗਤ ਅਤੇ ਹੋਰ ਖਰਚਿਆਂ ਦੇ ਨਾਲ ਪੂਰੀ ਅਦਾਇਗੀ/ਪ੍ਰਾਪਤੀ ਤੱਕ ਲਾਗਤ ਅਤੇ ਹੋਰ ਖਰਚਿਆਂ ਦੇ ਨਾਲ ਲਾਗੂ ਹੋਵੇਗਾ।	ਰਿਹਾਇਸ਼ੀ ਜਾਇਦਾਦ ਦੇ ਬਨਦੇ ਹਿੱਸੇ ਵਿੱਚ ਅਤੇ ਅਚੱਲ ਜਾਇਦਾਦ ਦੇ ਸਾਰੇ ਭਾਗ ਅਤੇ ਹਿੱਸੇ:- (1) 10 ਮਰਲੇ 73 ਵਰਗ ਫੁੱਟ ਦੇ ਮਾਪ ਵਾਲੇ ਮਕਾਨ ਨੰਬਰ 105 ਦੇ ਖੇਤਰ ਵਿੱਚ, ਸੇਠ ਹੁੱਕਮ ਚੰਦ ਕਲੋਨੀ, ਜਲੰਧਰ, ਜਲੰਧਰ ਜ਼ਿਲ੍ਹਾ, ਪੰਜਾਬ ਰਾਜ ਵਿੱਚ ਸਥਿਤ ਹੈ, ਜੋ ਕਿ ਖਸਰਾ ਨੰਬਰ 32527/459, 460/13, 32528/465, 466 ਤੋਂ 471 ਤੱਕ ਖੇਵਟ ਅਤੇ ਖਤੌਨੀ ਨੰਬਰ 6371/7459, ਹੱਦਬਸਤ ਨੰਬਰ 307 ਵਿੱਚ ਸ਼ਾਮਲ ਹੈ, ਜੋ ਕਿ ਸਾਲ 2009-10 ਲਈ ਜਮ੍ਹਾਂਬੰਦੀ ਅਨੁਸਾਰ ਮੂਲ ਵਿਕਰੀ ਡੀਡ ਨੰਬਰ 5155 ਮਿਤੀ 01-07-1997 ਅਨੁਸਾਰ ਸ਼੍ਰੀ ਵਿਨੋਦ ਖੁਰਾਣਾ ਪੁੱਤਰ ਸ਼੍ਰੀ ਹਰਬੰਸ ਲਾਲ ਖੁਰਾਣਾ ਦੇ ਹੱਕ ਵਿੱਚ ਰਜਿਸਟਰਡ ਹੈ, ਜਿਸਦੇ ਹੇਠ ਲਿਖੇ ਪਾਸੇ ਅਤੇ ਹੱਦਬੰਦੀ ਹੈ:- ਉੱਤਰ: ਸੜਕ; ਦੱਖਣ: ਐੱਚ. ਨੰ. 106; ਪੂਰਬ: ਜਾਇਦਾਦ ਨੰਬਰ 107; ਪੱਛਮ: ਸੜਕ, ਸਾਰੇ ਅਤੇ ਵਿਲੱਖਣ ਢਾਂਚੇ ਅਤੇ ਉਸ ਉੱਤੇ ਉਸਾਰੀ, ਵਰਤਮਾਨ ਅਤੇ ਭਵਿੱਖ ਦੋਵੇਂ, ਦੇ ਨਾਲ।

ਮਿਤੀ : 04.11.2026 ਸਥਾਨ : ਜਲੰਧਰ ਅਧਿਕਾਰਤ ਅਧਿਕਾਰੀ

ਪੰਜਾਬ ਨੈਸ਼ਨਲ ਬੈਂਕ

pnb ....ਬਿਹਤਰੀ ਲਈ ਸਾਂਝ

ਸ਼ਾਖਾ ਦਫ਼ਤਰ : ਬਗਦਾਦੀ ਗੇਟ, ਫਿਰੋਜ਼ਪੁਰ (345200)

ਮੰਗ ਨੋਟਿਸ

'ਸਿਕਿਓਰਿਟਾਈਜ਼ੇਸ਼ਨ ਐਂਡ ਰੀਕੰਸਟਰਕਸ਼ਨ ਆਫ਼ ਫਾਈਨੈਂਸ਼ੀਅਲ ਐਸੇਟਸ ਐਂਡ ਇਨਫੋਰਸਮੈਂਟ ਆਫ਼ ਸਿਕਿਓਰਿਟੀ ਇੰਟਰੈਸਟ ਐਕਟ, 2002' ਸਰਫਾਇਸੀ ਐਕਟ ਦੀ ਧਾਰਾ 13(2) ਅਤੇ 'ਸਿਕਿਓਰਿਟੀ ਇੰਟਰੈਸਟ (ਇਨਫੋਰਸਮੈਂਟ) ਨਿਯਮ, 2002' ਦੇ ਨਿਯਮ 3 ਦੇ ਤਹਿਤ ਮੰਗ ਨੋਟਿਸ।

ਤੁਹਾਡੇ ਸਾਰਿਆਂ ਨੂੰ, ਜੋ ਹੇਠਾਂ ਦਰਜ ਹਨ (ਕਰਜ਼ਦਾਰ/ਜ਼ਮਾਨਤਕਾਰ), ਬੈਂਕ ਦੇ 'ਅਧਿਕਾਰਤ ਅਧਿਕਾਰੀ' ਦੁਆਰਾ SARFAESI ਐਕਟ-2002 ਦੀ ਧਾਰਾ 13(2) ਦੇ ਤਹਿਤ ਰਜਿਸਟਰਡ ਮੰਗ ਨੋਟਿਸ ਭੇਜੇ ਗਏ ਸਨ (ਜਿਨ੍ਹਾਂ ਦੀਆਂ ਮਿਤੀਆਂ ਹੇਠਾਂ ਦਿੱਤੀਆਂ ਗਈਆਂ ਹਨ)। ਇਨ੍ਹਾਂ ਨੋਟਿਸਾਂ ਰਾਹੀਂ ਤੁਹਾਨੂੰ ਹਦਾਇਤ ਕੀਤੀ ਗਈ ਸੀ ਕਿ ਤੁਸੀਂ ਨੋਟਿਸ ਵਿੱਚ ਦਰਸਾਈ ਗਈ ਰਕਮ (ਜੋ ਨੋਟਿਸ ਦੀ ਮਿਤੀ ਅਨੁਸਾਰ ਬਕਾਇਆ ਸੀ), ਭੁਗਤਾਨ ਦੀ ਮਿਤੀ ਤੱਕ ਦੇ ਵਾਧੂ ਵਿਆਜ ਸਮੇਤ, ਨੋਟਿਸ ਜਾਰੀ ਹੋਣ ਦੇ 60 (ਸੱਠ) ਦਿਨਾਂ ਦੇ ਅੰਦਰ-ਅੰਦਰ ਜਮ੍ਹਾਂ ਕਰਵਾਓ। ਇਹ ਮੰਗ ਨੋਟਿਸ ਤੁਹਾਡੇ ਸਾਰਿਆਂ ਤੱਕ ਨਹੀਂ ਪਹੁੰਚ ਸਕੇ ਅਤੇ ਕੁਝ ਮਾਮਲਿਆਂ ਵਿੱਚ ਇਹ ਬਿਨਾਂ ਵੰਡੇ ਵਾਪਸ ਆ ਗਏ। 'ਸਿਕਿਓਰਡ ਕ੍ਰੈਡਿਟਰ ਬੈਂਕ' ਦੇ ਅਧਿਕਾਰਤ ਅਧਿਕਾਰੀ ਹੋਣ ਦੇ ਨਾਤੇ, ਮੇਰਾ ਮੰਨਣਾ ਹੈ ਕਿ ਤੁਹਾਡੇ ਸਾਰਿਆਂ ਤੱਕ ਆਮ ਤਰੀਕੇ ਨਾਲ ਨੋਟਿਸ ਪਹੁੰਚਾਉਣਾ ਸੰਭਵ ਨਹੀਂ ਹੈ, ਇਸ ਲਈ ਹੁਣ 'ਬਦਲਵੇਂ ਤਰੀਕੇ' ਰਾਹੀਂ ਸੂਚਨਾ ਦਿੱਤੀ ਜਾ ਰਹੀ ਹੈ। ਇਸ ਲਈ, ਇਸ ਜਨਤਕ ਨੋਟਿਸ ਰਾਹੀਂ ਤੁਹਾਨੂੰ ਸਾਰਿਆਂ ਨੂੰ ਕਿਹਾ ਜਾਂਦਾ ਹੈ ਕਿ ਤੁਸੀਂ ਹੇਠਾਂ ਦਰਸਾਈ ਗਈ ਰਕਮ, ਭੁਗਤਾਨ ਦੀ ਮਿਤੀ ਤੱਕ ਦੇ ਵਾਧੂ ਵਿਆਜ ਸਮੇਤ, ਇਸ ਪ੍ਰਕਾਸ਼ਨ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ-ਅੰਦਰ ਜਮ੍ਹਾਂ ਕਰਵਾਓ। ਜੇਕਰ ਤੁਸੀਂ ਅਜਿਹਾ ਕਰਨ ਵਿੱਚ ਅਸਫਲ ਰਹਿੰਦੇ ਹੋ, ਤਾਂ ਬੈਂਕ ਉਕਤ ਐਕਟ-2002 ਦੀ ਧਾਰਾ 13(4) ਦੇ ਤਹਿਤ ਕਾਰਵਾਈ ਕਰੇਗਾ, ਜਿਸ ਵਿੱਚ ਹੇਠਾਂ ਦਰਸਾਈਆਂ ਗਈਆਂ 'ਸੁਰੱਖਿਅਤ ਸੰਪਤੀਆਂ' ਦਾ ਕਬਜ਼ਾ ਲੈਣਾ ਅਤੇ ਫਿਰ ਉਨ੍ਹਾਂ ਨੂੰ ਵੇਚ ਕੇ ਬਕਾਇਆ ਰਕਮ (ਵਿਆਜ ਅਤੇ ਖਰਚਿਆਂ ਸਮੇਤ) ਵਸੂਲਣਾ ਸ਼ਾਮਲ ਹੈ। ਕਰਜ਼ਦਾਰ ਦੁਆਰਾ ਬਕਾਇਆ ਰਕਮ ਦਾ ਭੁਗਤਾਨ ਨਾ ਕੀਤੇ ਜਾਣ ਕਾਰਨ, ਜ਼ਮਾਨਤਕਾਰਾਂ/ਗਿਰਵੀ ਰੱਖਣ ਵਾਲਿਆਂ ਦੁਆਰਾ ਦਿੱਤੀ ਗਈ ਗਾਰੰਟੀ ਨੂੰ ਲਾਗੂ ਕੀਤਾ ਜਾਂਦਾ ਹੈ ਅਤੇ ਤੁਹਾਨੂੰ ਪੂਰੀ ਬਕਾਇਆ ਰਕਮ ਦਾ ਭੁਗਤਾਨ ਕਰਨ ਲਈ ਕਿਹਾ ਜਾਂਦਾ ਹੈ।

ਕਰਜ਼ਦਾਰ (ਾਂ)/ਜ਼ਾਮਨ (ਾਂ) ਦੇ ਵੇਰਵੇ	ਜ਼ਮਾਨੀ ਦੇ ਵੇਰਵੇ (ਸਾਰੇ ਭਾਗ ਅਤੇ ਹਿੱਸੇ)	ਮੰਗ ਸੂਚਨਾ ਦੀ ਮਿਤੀ / ਐਨਪੀਏ ਦੀ ਮਿਤੀ	ਬਕਾਇਆ ਰਕਮ
1. ਸਾਗਰ ਸਿੰਘ ਪੁੱਤਰ ਪ੍ਰੇਮ ਸਿੰਘ (ਕਰਜ਼ਦਾਰ), ਪਤਾ- ਮਕਾਨ ਨੰ: 15 ਮੈਣੀ ਕਲੋਨੀ, ਮੱਲਾਂਵਾਲਾ ਰੋਡ, ਤਹਿਸੀਲ ਫਿਰੋਜ਼ਪੁਰ, ਜ਼ਿਲ੍ਹਾ ਫਿਰੋਜ਼ਪੁਰ-152002 2. ਅਰਪਨਾ ਪਤਨੀ ਸਾਗਰ ਸਿੰਘ (ਸਹਿ-ਕਰਜ਼ਦਾਰ) ਪਤਾ-ਮਕਾਨ ਨੰ. 15 ਮੈਣੀ ਕਾਲੋਨੀ, ਮੱਲਾਂਵਾਲਾ ਰੋਡ, ਤਹਿਸੀਲ ਫਿਰੋਜ਼ਪੁਰ, ਜ਼ਿਲ੍ਹਾ ਫਿਰੋਜ਼ਪੁਰ-152002	ਫਿਰੋਜ਼ਪੁਰ ਵਿੱਚ ਬੇਦੀ ਕਲੋਨੀ ਵਿੱਚ ਅਰਪਨਾ ਪਤਨੀ ਸਾਗਰ ਸਿੰਘ ਦੇ ਨਾਮ 'ਤੇ 3 ਮਰਲਾ ਸਰਸਾਈ ਭਾਵ 15x60 ਵਰਗ ਫੁੱਟ ਦੇ ਰਿਹਾਇਸ਼ੀ ਮਕਾਨ ਦਾ ਮਲਕੀਅਤ ਡੀਡ ਜਮ੍ਹਾਂ ਕਰਕੇ ਗਿਰਵੀਕਾਰ ਜਿਸ ਦਾ ਆਰਟੀਡੀ ਨੰਬਰ 4048 ਮਿਤੀ 03.01.2023 ਹੈ।	21.10.2026 / 15.12.2025	25,11,274.73 ਰੁਪਏ (ਪੱਚੀ ਲੱਖ ਗਿਆਰਾਂ ਹਜ਼ਾਰ ਦੋ ਸੌ ਚੌਹੱਤਰ ਅਤੇ ਤਿਹੱਤਰ ਪੈਸੇ ਕੇਵਲ) 15.12.2025 ਨੂੰ ਜਮ੍ਹਾ ਇਸ 'ਤੇ ਅਗਲੇਰੇ ਵਿਆਜ ਅਤੇ ਹੋਰ ਖਰਚੇ ਸਮੇਤ।

ਮਿਤੀ : 04.11.2026 ਸਥਾਨ : ਫਿਰੋਜ਼ਪੁਰ ਅਧਿਕਾਰਤ ਅਧਿਕਾਰੀ

ਬੈਂਕ ਆਫ ਬੜੌਦਾ Bank of Baroda

ਸ਼ਾਖਾ : ਛੋਟੀ ਬਾਰਾਂਦਰੀ ਪਟਿਆਲਾ

ਈ-ਨਿਲਾਮੀ ਵਿਕਰੀ ਸੂਚਨਾ

ਅਚੱਲ ਜਾਇਦਾਦਾਂ ਦੀ ਵਿਕਰੀ ਲਈ ਵਿਕਰੀ ਸੂਚਨਾ (ਅਚੱਲ ਲਈ ਨਿਯਮ 6(2) ਨਾਲ ਅੰਤਿਕਾ-2ਏ]

ਸੁਰੱਖਿਆ ਵਿਆਜ (ਲਾਗੂਕਰਨ) ਨਿਯਮ, 2002 ਦੇ ਨਿਯਮ 6(2) ਦੇ ਪ੍ਰਾਵਧਾਨ ਦੇ ਨਾਲ ਪੜ੍ਹੇ ਗਏ ਵਿੱਤੀ ਸੰਪਤੀਆਂ ਦੇ ਪ੍ਰਤੀਭੂਤੀਕਰਨ ਅਤੇ ਪੁਨਰ ਨਿਰਮਾਣ ਅਤੇ ਸੁਰੱਖਿਆ ਹਿੱਤ ਐਕਟ, 2002 ਦੇ ਅਧੀਨ ਸੰਪਤੀਆਂ ਦੀ ਵਿਕਰੀ ਲਈ ਈ-ਨਿਲਾਮੀ ਵਿਕਰੀ ਸੂਚਨਾ।

ਇਸ ਦੁਆਰਾ ਆਮ ਤੌਰ 'ਤੇ ਜਨਤਾ ਨੂੰ ਅਤੇ ਖਾਸ ਤੌਰ 'ਤੇ ਕਰਜ਼ਦਾਰ(ਾਂ), ਗਿਰਵੀਕਾਰ(ਾਂ) ਅਤੇ ਜ਼ਾਮਨ(ਾਂ) ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਹੇਠਾਂ ਦੱਸੀ ਗਈ ਅਚੱਲ ਜਾਇਦਾਦ ਸੁਰੱਖਿਅਤ ਕਰਜਦਾਤਾ ਨੂੰ ਗਿਰਵੀ/ਚਾਰਜ ਕੀਤੀ ਗਈ ਹੈ, ਜਿਸਦਾ ਕਬਜ਼ਾ ਬੈਂਕ ਆਫ਼ ਬੜੌਦਾ ਦੇ ਅਧਿਕਾਰਤ ਅਧਿਕਾਰੀ, ਸੁਰੱਖਿਅਤ ਕਰਜ਼ਦਾਤਾ ਦੁਆਰਾ ਲਿਆ ਗਿਆ ਹੈ, ਜੋ ਕਿ ਹੇਠਾਂ ਦਿੱਤੇ ਖਾਤਿਆਂ ਵਿੱਚ ਬਕਾਏ ਦੀ ਵਸੂਲੀ ਲਈ "ਜਿਵੇਂ ਹੈ ਜਿੱਥੇ ਹੈ", "ਜਿਵੇਂ ਹੈ ਜੋ ਹੈ" ਅਤੇ "ਜਿਵੇਂ ਹੈ ਉੱਥੇ ਹੈ" ਦੇ ਆਧਾਰ 'ਤੇ ਵੇਚੀ ਜਾਵੇਗੀ। ਕਰਜ਼ਦਾਰ(ਾਂ)/ਗਿਰਵੀਕਾਰ(ਾਂ)/ਜ਼ਾਮਨ(ਾਂ)/ਸੁਰੱਖਿਅਤ ਸੰਪਤੀ(ਆਂ)/ਬਕਾਏ/ਰਾਖਵੀਂ ਕੀਮਤ/ਈ-ਨਿਲਾਮੀ ਦੀ ਮਿਤੀ ਅਤੇ ਸਮਾਂ, ਬਿਆਨਾਂ ਰਕਮ ਅਤੇ ਬੋਲੀ ਵਾਧੇ ਦੀ ਰਕਮ ਦੇ ਵੇਰਵੇ ਹੇਠਾਂ ਦਿੱਤੇ ਗਏ ਹਨ:-

ਕਰਜ਼ਦਾਰ (ਾਂ), ਜ਼ਾਮਨ (ਾਂ) ਅਤੇ ਗਿਰਵੀਕਾਰ (ਾਂ) ਦਾ ਨਾਮ ਅਤੇ ਪਤਾ	ਜਾਣੂ ਦੇਣਦਾਰੀਆਂ, ਜੇਕਰ ਕੋਈ ਹਨ, ਸਮੇਤ ਅਚੱਲ ਸੰਪੱਤੀ ਦੇ ਵੇਰਵੇ	ਕੁੱਲ ਬਕਾਏ	ਰਾਖਵੀਂ ਕੀਮਤ / ਬਿਆਨਾ ਰਕਮ / ਬੋਲੀ ਵਾਧਾ ਰਕਮ	ਸੰਪੱਤੀ ਦੀ ਜਾਂਚ ਦੀ ਮਿਤੀ ਅਤੇ ਸਮਾਂ / ਕਬਜ਼ੇ ਦੀ ਸਥਿਤੀ	ਸ਼ਾਖਾ ਪ੍ਰਬੰਧਕ ਅਤੇ ਅਧਿਕਾਰਤ ਅਧਿਕਾਰੀ
ਸ਼੍ਰੀਮਤੀ ਮੀਨਾ ਰਾਣੀ ਪਤਨੀ ਰਾਜੇਸ਼ ਕੁਮਾਰ ਅਤੇ ਸ਼੍ਰੀ ਰਾਜੇਸ਼ ਕੁਮਾਰ ਪੁੱਤਰ ਧਰਮ ਚੰਦ ਵਾਸੀ ਮਕਾਨ ਨੰ-63, ਗਲੀ ਨੰ-3, ਪੁਰਾਣਾ ਬਿਸ਼ਨ ਨਗਰ, ਪਟਿਆਲਾ-147001	ਜਾਇਦਾਦ ਦਾ ਸਾਰਾ ਭਾਗ ਅਤੇ ਹਿੱਸੇ ਜਿਸ ਵਿੱਚ ਮਕਾਨ ਨੰਬਰ- 63, ਗਲੀ ਨੰਬਰ 3, ਪੁਰਾਣਾ ਬਿਸ਼ਨ ਨਗਰ, ਹਨੂੰਮਾਨ ਮੰਦਰ ਦੇ ਨੇੜੇ, ਪਟਿਆਲਾ, ਪੰਜਾਬ ਵਿਖੇ ਸਥਿਤ ਸ਼੍ਰੀਮਤੀ ਮੀਨਾ ਰਾਣੀ ਪਤਨੀ ਸ਼੍ਰੀ ਰਾਜੇਸ਼ ਕੁਮਾਰ ਦੇ ਨਾਮ 'ਤੇ ਦਰਜ ਰਿਹਾਇਸ਼ੀ ਮਕਾਨ ਦਾ ਬਰਾਬਰ ਗਿਰਵੀਨਾਮਾ ਸ਼ਾਮਲ ਹੈ, ਜੋ ਕਿ ਵਿਕਰੀ ਡੀਡ 14636 ਮਿਤੀ 22.03.2006 ਅਨੁਸਾਰ 50.00 ਵਰਗ ਗਜ਼ ਦਾ ਮਾਪ ਹੈ। ਜਾਇਦਾਦ ਦੀ ਹੱਦਬੰਦੀ-ਪੂਰਬ- ਚੇਤਨ ਦਾਸ ਦਾ ਮਕਾਨ, ਸਾਈਡ 32'6", ਵੈਸਟ-ਬਿਲਟ ਹਾਊਸ, ਸਾਈਡ 17'6", ਉੱਤਰ-ਪੱਪੀ ਦਾ ਮਕਾਨ, ਸਾਈਡ 18', ਸਾਊਥ-ਗਲੀ, ਸਾਈਡ 23'6",	Rs.1430902.59/- 28.10.2021 ਨੂੰ (30.09.2021 ਤੱਕ ਵਿਆਜ ਸਮੇਤ) ਅਤੇ ਲਾਗੂ ਨਾ ਕੀਤਾ ਗਿਆ ਵਿਆਜ + ਅਣਸੇਵਾ ਕੀਤਾ ਵਿਆਜ + ਕਾਨੂੰਨੀ ਅਤੇ ਹੋਰ ਖਰਚੇ	Rs. 15,30,000/- / Rs. 1,53,000/- / Rs.10,000/-	Upto 09.12.2026 10 A.M. to 02:00 P.M. (ਅਗਾਊਂ ਪ੍ਰਵਾਨਗੀ ਨਾਲ) / ਭੌਤਿਕ	ਸ੍ਰੀ ਸੁਮਿਤ ਵੈਦ ਮੋਬ 9996166122 ਅਧਿਕਾਰਤ ਅਧਿਕਾਰੀ : ਤਾਹਿਰ ਮਜ਼ਹਰ ਸਿੱਦੀਕੀ

ਬਿਆਨਾ ਰਕਮ ਜਮ੍ਹਾਂ ਕਰਨ ਦੀ ਆਖਰੀ ਮਿਤੀ: 09.12.2026 ਸ਼ਾਮ 5:00 ਵਜੇ ਤੱਕ।
ਈ-ਨਿਲਾਮੀ ਸ਼ੁਰੂ ਹੋਣ ਦੀ ਮਿਤੀ ਅਤੇ ਸਮਾਂ: 10.12.2026 ਦੁਪਹਿਰ 02:00 ਵਜੇ ਤੋਂ 06:00 ਵਜੇ ਤੱਕ।
ਬਿਆਨਾਂ ਰਕਮ ਭੁਗਤਾਨ ਦਾ ਤਰੀਕਾ: ਐਨਈਐਫਟੀ/ਈ-ਪੇਮੈਂਟ ਗੇਟਵੇ।

ਵਿਕਰੀ ਦੇ ਵਿਸਤ੍ਰਿਤ ਨਿਯਮਾਂ ਅਤੇ ਸ਼ਰਤਾਂ ਲਈ, ਕਿਰਪਾ ਕਰਕੇ https://www.bankofbaroda.bank.in/e-auction.htm ਅਤੇ https://baanknet.in ਵਿੱਚ ਦਿੱਤੇ ਲਿੰਕ ਨੂੰ ਵੇਖੋ।. ਨਾਲ ਹੀ, ਸੰਭਾਵੀ ਬੋਲੀਕਾਰ ਉੱਪਰ ਦਿੱਤੇ ਸੰਪਰਕ ਨੰਬਰਾਂ ਅਨੁਸਾਰ ਬ੍ਰਾਂਚ ਮੈਨੇਜਰ ਜਾਂ ਅਧਿਕਾਰਤ ਅਧਿਕਾਰੀ ਨਾਲ ਸੰਪਰਕ ਕਰ ਸਕਦੇ ਹਨ। ਵਿਸਤ੍ਰਿਤ ਨਿਯਮਾਂ ਅਤੇ ਸ਼ਰਤਾਂ ਲਈ: ਇੱਥੇ ਸਕੈਨ ਕਰੋ

ਇਸ ਨੂੰ ਸਰਫਾਇਸੀ ਐਕਟ 2002 ਦੇ ਤਹਿਤ 30 ਰੋਜ਼ਾ ਵਿਧਾਨਕ ਵਿਕਰੀ ਸੂਚਨਾ ਵਜੋਂ ਮੰਨਿਆ ਜਾਵੇ

ਮਿਤੀ : 05.11.2026 ਸਥਾਨ : ਪਟਿਆਲਾ ਅਧਿਕਾਰਤ ਅਧਿਕਾਰੀ (ਬੈਂਕ ਆਫ ਬੜੌਦਾ)